ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030215
Available online at: www.armaan.org.in
DOI: https://doi.org/10.64119/armaan.vol.3.issue2.15

# SUFIMAT: SADANTAK PARIPEKH

# ਸੂਫੀਮਤ: ਸਿਧਾਂਤਕ ਪਰਿਪੇਖ

**ਡਾ. ਇੰਦਰਜੀਤ ਕੌਰ** (Dr. Inderjit Kaur)
**ਅਸਿਸਟੈਂਟ ਪ੍ਰੋਫ਼ੈਸਰ ਅਤੇ ਮੁਖੀ, ਪੰਜਾਬੀ ਵਿਭਾਗ** (Assistant Professor & Head, Punjabi Dept.)
**ਗੁਰੂ ਨਾਨਕ ਕਾਲਜ, ਸੁਖਚੈਨਆਣਾ ਸਾਹਿਬ, ਫਗਵਾੜਾ (ਪੰਜਾਬ)**
Email ID: indrkaur01@gmail.com ਮੋਬਾਈਲ: +91-98888-87372

**ਸਾਰ (Abstract)**

*ਸੂਫ਼ੀਮਤ ਇੱਕ ਅਜਿਹੀ ਵਿਚਾਰਧਾਰਾ ਹੈ ਜੋ ਕੁਰਾਨ ਸ਼ਰੀਫ ਅਤੇ ਹਦੀਸ ਦੀਆਂ ਸਿੱਖਿਆਵਾਂ ਦੇ ਨਾਲ ਆਪਣਾ ਅਸਤਿੱਤਵ ਗ੍ਰਹਿਣ ਕਰਦੀ ਹੈ ਅਤੇ ਹੌਲੀ ਹੌਲੀ ਇੱਕ ਵਿਸ਼ਾਲ ਸੰਪ੍ਰਦਾਇ ਵਜੋਂ ਸਥਾਪਿਤ ਹੁੰਦੀ ਹੈ। ਸੂਫ਼ੀਮਤ ਦੀਆਂ ਦੋ ਪ੍ਰਮੁੱਖ ਦ੍ਰਿਸ਼ਟੀਆਂ ਵਹਿਦਤ -ਉਲ-ਵਜੂਦ ਅਤੇ ਵਹਿਦਤ -ਉਲ-ਸਹੂਦ ਉਤੇ ਅਧਾਰਿਤ ਮਾਰਫ਼ਤ ਵਿਲੱਖਣਤਾ ਅਤੇ ਵਿਭਿੰਨਤਾ ਦੀ ਲਖਾਇਕ ਹੈ। ਵੱਖ-ਵੱਖ ਸੂਫ਼ੀ ਸੰਤਾਂ ਦੇ ਕਲਾਮ ਵਿੱਚ ਇਸੇ ਦਾ ਵਿਸਥਾਰ ਹੈ। ਹਕੀਕਤ-ਏ-ਮੁਤਲਕ ਅਰਥਾਤ ਮਾਰਫ਼ਤ ਦੀ ਪ੍ਰਾਪਤੀ ਸੂਫ਼ੀ ਰਹੱਸਵਾਦ ਦਾ ਮਾਰਮਿਕ ਪਹਿਲੂ ਹੈ। ਮਾਰਫ਼ਤ ਦੀ ਸਥਿਤੀ ਭਾਵ 'ਰੱਬੀ ਮੇਲ' ਖ਼ੁਦਾ ਦੀ ਸਰਬ ਵਿਆਪਕਤਾ ਨੂੰ ਸਮਝਣਾ, ਉਸ ਨਾਲ ਇਸ਼ਕੀਆ ਸੰਬੰਧ ਸਥਾਪਿਤ ਕਰਨੇ ਅਤੇ ਆਪਣੀ ਨਫ਼ਸ ਨੂੰ ਮਾਰ ਕੇ ਰੂਹ ਤੱਕ ਰਸਾਈ ਕਰਨਾ ਸੂਫ਼ੀਮਤ ਦੇ ਪੰਜ ਪੜਾਵਾਂ ਸ਼ਰੀਅਤ, ਤਰੀਕਤ ,ਹਕੀਕਤ , ਮਾਰਫ਼ਤ ਦੇ ਕੱਟੜ ਪੰਧ ਨੂੰ ਸਰ ਕਰਕੇ ਹੀ ਸੰਭਵ ਹੈ। ਅਜਿਹੀ ਅਵਸਥਾ 'ਤੇ ਪਹੁੰਚ ਕੇ ਸੂਫ਼ੀ ਸਾਧਕ ਇਨਸਾਨ -ਉਲ-ਕਾਮਿਲ ਦੀ ਪਦਵੀ ਗ੍ਰਹਿਣ ਕਰਦਾ ਹੋਇਆ ਏਕਤਤਵ ਨੂੰ ਪ੍ਰਾਪਤ ਹੁੰਦਾ ਹੈ।*

***ਕੀਵਰਡ (Keyword): ਸੂਫ਼ੀਮਤ, ਦਰਸ਼ਨ, ਈਸ਼ਵਰ, ਵਹਿਦਤ-ਉਲ-ਵਜੂਦ, ਇਨਸਾਨ-ਉਲ-ਕਾਮਿਲ, ਮੁਰਸ਼ਿਦ, ਰੂਹ, ਨਫ਼ਸ, ਇਸ਼ਕ।***

ਸੂਫ਼ੀਮਤ ਇਕ ਅਜਿਹੀ ਵਿਚਾਰਧਾਰਾ ਹੈ ਜਿਸ ਦਾ ਆਧਾਰ ਇਸਲਾਮ ਦਾ ਧਾਰਮਿਕ ਗ੍ਰੰਥ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਕੁਰਾਨ ਤੋਂ ਬਾਰੀ ਸਿੱਖਿਆਵਾਂ (ਹਦੀਸ) ਹਨ। ਇਹ ਇਸਲਾਮ ਦਾ ਹੀ ਰੱਹਸਵਾਦੀ ਪਾਸਾਰ ਹੈ। ਇਸਲਾਮ ਵਾਂਗ ਸੂਫ਼ੀਮਤ ਨੇ ਵਿਭਿੰਨ ਸੰਸਕ੍ਰਿਤੀਆਂ ਅਤੇ ਰਹੱਸਵਾਦੀ ਸਿਧਾਂਤਾਂ ਦੇ ਪ੍ਰਭਾਵ ਨੂੰ ਕਬੂਲਿਆ ਅਤੇ ਆਪਣੇ ਸਿਧਾਂਤਕ ਅਸੂਲਾਂ ਨਾਲ ਦੂਜਿਆਂ ਨੂੰ ਪ੍ਰਭਾਵਿਤ ਕੀਤਾ। ਅਬਦੁਲ ਹੱਕ ਦਾ ਵਿਚਾਰ ਹੈ ਕਿ,

> *"ਸੂਫ਼ੀਵਾਦ ਦਾ ਇਲਮ ਅਤਿ ਉੱਤਮ, ਅਤਿ ਸੂਖਮ ਅਤੇ ਅਤਿ ਗੰਭੀਰ ਹੈ ਜਿਸਦਾ ਆਧਾਰ ਕੁਰਾਨ ਅਤੇ ਸੁੰਨਤ ਹੈ।"*[1]

ਇਸਲਾਮੀ ਰਹੱਸਵਾਦੀ ਇਸ ਗੱਲ ਨਾਲ ਸਹਿਮਤ ਹਨ ਕਿ ਸੂਫ਼ੀ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ ਸੂਫ਼ ਤੋਂ ਬਣਿਆ ਹੈ ਜਿਸ ਦਾ ਭਾਵ ਅਸ਼ਮ ਜਾਂ ਓਮ ਤੋਂ ਹੈ। ਸੂਫ਼ੀ ਦਰਵੇਸ਼ ਸੂਫ਼ ਦੇ ਕੱਪੜੇ ਪਹਿਣਦੇ ਸਨ ਇਸ ਲਈ ਇਹਨਾਂ ਨੂੰ ਸੂਫ਼ੀ ਜਾਂ ਪਸ਼ਮੀਨਾ ਪੋਸ਼ ਆਖਦੇ ਸਨ। ਅਸਲ 'ਚ ਸੂਫ਼ੀ ਇੱਕ ਵਿਸ਼ੇਸ਼ਣੀ ਨਾਮ ਹੈ। ਇਹ ਸ਼ਬਦ ਸੂਫ਼ੀਮਤ ਲਈ ਇਸੇ ਲਈ ਪ੍ਰਚੱਲਿਤ ਹੋਇਆ ਕਿਉਂਕਿ ਸੂਫ਼ੀ ਦਰਵੇਸ਼ ਉਨ ਦੇ ਕੱਪੜੇ ਪਹਿਨਦੇ ਸਨ। ਕਿਸੇ ਸੰਪ੍ਰਦਾਇ ਨੂੰ ਉਸਦੇ ਬਾਹਰੀ ਪਹਿਰਾਵੇ ਨਾਲ ਸੰਬੰਧਿਤ ਕਰਕੇ ਉਸਦੀ ਵਿਸ਼ੇਸ਼ਤਾ ਨੂੰ ਸਵੀਕਾਰ ਕਰਨ ਦਾ ਸੰਕਲਪ ਮੁੱਢ ਤੋਂ ਚਲਿਆ ਆ ਰਿਹਾ ਹੈ। ਹਜ਼ਰਤ ਈਸਾ ਦੇ ਅਨੁਯਾਈਆਂ ਨੂੰ 'ਹਵਾਰੀ' ਕਿਹਾ ਜਾਂਦਾ ਸੀ। 'ਹਵਾਰੀ' ਉਹ ਲੋਕ ਸਨ ਜਿਹੜੇ ਚਿੱਟੇ ਕੱਪੜੇ ਧਾਰਨ ਕਰਦੇ ਸਨ। ਇਸਲਾਮਿਕ ਸਮਾਜ 'ਚ ਸੂਫ਼ ਦੇ ਕੱਪੜੇ ਮੁੱਢ ਤੋਂ ਹੀ ਪਵਿੱਤਰਤਾ ਤੇ ਸਾਦਗੀ ਦਾ ਪ੍ਰਤੀਕ ਮੰਨੇ ਗਏ ਹਨ। ਸੂਫ਼ੀਮਤ ਦੇ ਚਾਨਣ ਮੁਨਾਰੇ ਸਮਝੇ ਜਾਂਦੇ ਹਜਰਤ ਮੁਹੰਮਦ ਸਾਹਿਬ ਨੂੰ ਕਾਲੀ ਕੰਬਲੀ ਵਾਲਾ ਵੀ ਕਿਹਾ ਜਾਂਦਾ ਸੀ। ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ ਵਿੱਚ ਮਿਲਦੇ ਹਵਾਲੇ ਅਨੁਸਾਰ

> *"ਸੂਫ਼ ਪੈਗੰਬਰਾਂ ਦਾ ਪਹਿਰਾਵਾ ਅਤੇ ਸੰਤਾਂ ਤੇ ਵਿਸ਼ੇਸ਼ ਵਿਅਕਤੀਆਂ ਦੀ ਨਿਸ਼ਾਨੀ ਹੈ।"*[2]

ਸ਼ੇਖ ਫਰੀਦ ਦੀ ਬਾਣੀ 'ਚ ਵੀ ਇਸ ਗੱਲ ਦੇ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਸੂਫ਼ੀ ਦਰਵੇਸ਼ ਸੂਫ਼ ਦੇ ਕੱਪੜੇ ਪਹਿਨਦੇ ਹਨ:


Received: 15 May 2025 Accepted: 05 June 2025 Published: 13 June 2025

*ਫਰੀਦਾ ਕਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜਿ ਵਾਤਿ॥*

*ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥* [3]

ਮਾਨਸਿਕ ਸਫ਼ਾਈ ਸੂਫ਼ੀ ਦਾ ਆਤਮਿਕ ਗੁਣ ਹੈ। ਉੱਨ ਉਨ੍ਹਾਂ ਦੀ ਜਾਹਿਰੀ ਸਫ਼ਾਈ ਦਾ ਪ੍ਰਤੀਕ ਹੈ। ਰੱਬੀ ਯਾਦ ਅਤੇ ਸੂਫ਼ ਦੇ ਕੱਪੜੇ ਪਹਿਨਣਾ ਸੂਫ਼ੀਆਂ ਦੀ ਮੁੱਖ ਵਿਸ਼ੇਸ਼ਤਾ ਹੈ ਜੋ ਉਹਨਾਂ ਦੇ ਸੂਫ਼ੀ ਹੋਣ ਦਾ ਆਧਾਰ ਹੈ।

*'ਅਲਸੂਫੀ ਮਿਨ ਲਬਸੁੱਲ ਸੂਫ ਅਲਾਉਲ ਸਫਾਓ ਅਜ਼ਾਕੁਲ ਹੁਆ ਤਾਅਮੁਲ ਹੈਫਾ। (ਸੂਫੀ ਉਹ ਹੈ ਜਿਹੜਾ ਮਨ ਦੀ ਸਫ਼ਾਈ ਦੇ ਨਾਲ ਨਾਲ ਸੂਫ ਦਾ ਬਣਾ ਪਹਿਨਦਾ ਹੈ ਤੇ ਨਫ਼ਸਾਨੀ ਖਾਹਸ਼ਾ ਨੂੰ ਸਖ਼ਤੀ ਨਾਲ ਮਰਦਾ ਹੈ)'*[4]

ਭਾਸ਼ਾ ਦੀ ਦ੍ਰਿਸ਼ਟੀ ਤੋਂ ਵੀ ਇਹ ਸ਼ਬਦ ਸਹੀ ਹੈ ਅਤੇ ਵਿਵਹਾਰਿਕ ਰੂਪ ਵਿੱਚ ਵੀ ਠੀਕ ਹੈ ਕਿਉਂਕਿ ਜਿਆਦਾਤਰ ਸੂਫ਼ੀ ਲੋਕ ਪਸ਼ਮੀਨਾ ਦੇ ਕੱਪੜੇ ਪਵਿੱਤਰਤਾ ਦੀ ਨਿਸ਼ਾਨੀ ਵਜੋਂ ਪਹਿਨਦੇ ਸਨ ਤੇ ਪਰਮਾਤਮਾ ਦੀ ਨਿਸ਼ਕਪਟ, ਨਿਰਛਲ ਤੇ ਨਿਰਸੁਆਰਥ ਉਪਾਸਨਾ ਕਰਦੇ ਹਨ ।

ਸੂਫ਼ੀ ਵਿਚਾਰਧਾਰਾ ਸਮੁੱਚੇ ਰੂਪ ਵਿੱਚ ਇੱਕਦਮ ਹੋਂਦ ਵਿੱਚ ਨਹੀਂ ਆਈ ਸਗੋਂ ਸਮੇਂ-ਸਮੇਂ ਅਨੇਕਾਂ ਅਰਬੀ ਅਤੇ ਫ਼ਾਰਸੀ ਚਿੰਤਕਾਂ ਤੇ ਸੂਫ਼ੀ ਸੰਤਾਂ ਨੇ ਇਸ ਨੂੰ ਵਿਸ਼ੇਸ਼ ਰੂਪ ਦੇਣ ਲਈ ਮੁੱਲਵਾਨ ਰੋਲ ਅਦਾ ਕੀਤਾ ।

*"ਮਿਸਰ ਦੇ ਜੁਨ -ਨੂਨ-ਅਲ-ਮਿਸ਼ਰੀ (796 ਤੋਂ 861ਈ.) ਨੇ ਇਸ ਵਿਚਲੇ ਸਿਧਾਂਤਾਂ ਨੂੰ ਸ਼ਾਬਦਿਕ ਰੂਪ ਪ੍ਰਧਾਨ ਕੀਤਾ ਅਤੇ ਬਗਦਾਦ ਦੇ ਜੁਨੈਦ ਨੇ ਇਸ ਨੂੰ ਮਸਜਿਦਾਂ ਤੇ ਮਿਨਾਰਾਂ ਤੋਂ ਇਸਲਾਮੀ ਜਗਤ ਤੱਕ ਪਹੁੰਚਾਇਆ।"*[5]

ਸੂਫ਼ੀਮਤ ਦਾ ਢਾਂਚਾ ਕਿਉਂਕਿ ਕਾਫ਼ੀ ਹੱਦ ਤੱਕ ਕੁਰਾਨ ਦੀਆਂ ਸਿੱਖਿਆ ਉੱਤੇ ਉਸਰਿਆ। ਇਸ ਲਈ ਭਾਵੇਂ ਸ਼ੁਰੂਆਤੀ ਦੌਰ ਵਿੱਚ ਸੂਫ਼ੀਮਤ ਵਿੱਚ ਇਸਲਾਮੀ ਅੰਸ਼ ਵਧੇਰੇ ਸੀ ਪਰ ਕੁਝ ਪੱਖਾਂ ਉੱਪਰ ਸੂਫ਼ੀ ਸੰਤਾਂ ਨੇ ਨਵੇਂ ਅਤੇ ਸੁਤੰਤਰ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਸੁਤੰਤਰ ਵਿਚਾਰਾਂ ਨੇ ਧਾਰਮਿਕ ਕੱਟੜ ਪੰਥੀ ਸ਼੍ਰੇਣੀ ਵਿੱਚ ਕਾਫ਼ੀ ਅਹਿਮ ਪ੍ਰਤੀਕਰਮ ਪੈਦਾ ਕੀਤੇ। ਮਨਸੂਰ ਦੀ ਸ਼ਹਾਦਤ ਇਸੇ ਦਾ ਪ੍ਰਤੀਕਰਮ ਸੀ ਪਰ ਹੌਲੀ-ਹੌਲੀ ਇਸਲਾਮ ਦੀ ਇਸ ਸੂਫ਼ੀ ਲਹਿਰ ਨੇ ਇਸਲਾਮ ਦੇ ਅੰਦਰੂਨੀ ਤੇ ਬਾਹਰੀ ਜੀਵਨ-ਜਾਚ ਵਿੱਚ ਇੱਕ ਨਿਸ਼ਚਿਤ ਸੰਤੁਲਨ ਸਥਾਪਿਤ ਕਰਕੇ ਇੱਕ ਅਜਿਹੀ ਪਰੰਪਰਾ ਨੂੰ ਨਵੇਂ ਸਿਰੇ ਤੋਂ ਸੁਰਜੀਤ ਕੀਤਾ ਜਿਸਨੇ ਆਪਣੇ ਗੁਆਂਢੀ ਮੁਲਕਾਂ ਨੂੰ ਪ੍ਰਭਾਵਿਤ ਕੀਤਾ। "ਭਾਰਤੀ ਅਤੇ ਖਾਸ ਕਰ ਪੰਜਾਬੀ ਸੂਫ਼ੀ ਵਿਚਾਰਾਂ ਤੋਂ ਵਿਸ਼ੇਸ਼ ਰੂਪ ਵਿੱਚ ਪ੍ਰਭਾਵਿਤ ਹੋਏ। ਹਿੰਦੁਸਤਾਨ ਵਿੱਚ ਪ੍ਰਵੇਸ਼ ਕਰਨ ਵੇਲੇ ਸੂਫ਼ੀਮਤ ਦੀਆਂ ਜੋ ਪਰੰਪਰਾਵਾਂ ਸਨ ਉਨ੍ਹਾਂ ਵਿੱਚ 17ਵੀਂ ਸਦੀ ਤੱਕ ਕਾਫ਼ੀ ਪਰਿਵਰਤਨ ਆ ਚੁੱਕਾ ਸੀ। ਭਾਰਤੀ ਤੇ ਇਸਲਾਮੀ ਧਰਮ ਵਿੱਚ ਸਮਨਵੈ ਸਥਾਪਿਤ ਕਰਨ ਲਈ ਸੂਫ਼ੀਆਂ ਨੇ ਇਥੋਂ ਦੇ ਕਈ ਮਤਾ ਮਤਾਂਤਰਾਂ ਦੀਆਂ ਸਾਧਨਾ ਪੱਧਤੀਆਂ ਅਤੇ ਦਾਰਸ਼ਨਿਕ ਸਿਧਾਂਤਾਂ ਜਿਵੇਂ ਅਦਵੈਤਵਾਦ, ਬੁੱਧ ਧਰਮ ਦੀ ਸਾਦਗੀ, ਪਵਿੱਤਰਤਾ ਤੇ ਉੱਚ ਆਚਰਣ, ਨਾਦ ਸੰਪਰਦਾ ਅਤੇ ਯੋਗ ਮੱਤ ਦੀਆਂ ਸਾਧਨਾਤਮਕ ਕਿਰਿਆ ਨੂੰ ਕਬੂਲ ਕਰ ਲਿਆ। ਸੂਫ਼ੀਆਂ ਦਾ ਸਹੂਦਿਆ ਅਤੇ ਵਜੂਦਿਆ ਵਾਲਾ ਸਿਧਾਂਤ ਵੇਦਾਂਤ ਦੇ ਅਦਵੈਤਵਾਦ ਨਾਲ ਮੇਲ ਖਾਂਦਾ ਹੈ।"6

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸੂਫ਼ੀਮਤ ਇੱਕ ਰਹੱਸਵਾਦੀ ਮੱਤ ਹੈ ਅਤੇ ਇਸ ਦਾ ਮੁੱਖ ਉਦੇਸ਼ ਰੱਬ ਦੀ ਪ੍ਰਾਪਤੀ ਹੈ। ਸੂਫ਼ੀ ਸਾਧਨਾ ਰਾਹੀਂ ਰੱਬ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦਾ ਹੈ । ਮਾਰਫ਼ਤ ਹਾਸਿਲ ਕਰਨਾ ਉਸ ਦਾ ਆਖਰੀ ਉਦੇਸ਼ ਹੁੰਦਾ ਹੈ ਜਿਸ ਨੂੰ ਸੂਫ਼ੀ ਹਕੀਕਤ-ਏ-ਮੁਤਲਕ ਦੀ ਰਸਾਈ ਆਖਦੇ ਹਨ। ਸੂਫ਼ੀ ਸਿਧਾਂਤਾਂ ਦੀ ਵਿਆਖਿਆ ਕਰਦੇ ਹੋਏ ਸੂਫ਼ੀ *ਇਬਨੇ - ਅਰਬੀ* [7] ਨੇ ਰੱਬ ਬਾਰੇ ਹੇਠ ਲਿਖੇ ਵਿਚਾਰ ਪੇਸ਼ ਕੀਤੇ ਹਨ:

1. ਰੱਬ ਅੰਤਿਮ ਸਤਯ ਹੈ।
2. ਰੱਬ ਪਾਰਬ੍ਰਹਮ ਹੈ ਤੇ ਬ੍ਰਹਮ ਦੀ ਨਿਰਗੁਣਤਾ ਤੇ ਸਰਗੁਣਤਾ ਇਕੋ ਸਤਾ ਦੇ ਦੋ ਬੁਨਿਆਦੀ ਪੱਖ ਹਨ ਭਾਵ ਖਲਕ ਤੇ ਰੱਬ ਵਿੱਚ ਕੋਈ ਭੇਦ ਨਹੀਂ।
3. ਪ੍ਰਾਣੀਆਂ ਤੇ ਰੱਬ ਦੀ ਵੱਖਰੀ ਹੋਂਦ ਉਸਦੀ ਮਰਜ਼ੀ ਨਾਲ ਹੈ।
4. ਹੋਂਦ ਵਿੱਚ ਆਉਣ ਤੋਂ ਪਹਿਲਾਂ ਇਸ ਸੰਸਾਰ ਦੀਆਂ ਸਭ ਵਸਤੂਆਂ ਰੱਬ ਦੇ ਮਨ ਵਿੱਚ ਸਥਿਤ ਹਨ।
5. ਸੰਸਾਰ ਦੀ ਪ੍ਰਥਮ ਚੇਤਨਤਾ ਮੁਹੰਮਦ ਦਾ ਖਿਆਲ, (ਅਲ ਹਕੀਕਤ-ਅਲ-ਮੁਹੰਮਦੀਆ) ਵੀ ਕਿਹਾ ਜਾਂਦਾ ਹੈ ਅਤੇ ਇਹ ਹਕੀਕਤ ਕਿਸੇ ਪਰਿਪੂਰਣ ਪੁਰਸ਼ (ਇਨਸਾਨ-ਉਲ-ਕਾਮਿਲ) ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ।
6. ਹਰ ਅਵਤਾਰ ਜਾਂ ਪੈਗੰਬਰ ਰੱਬ ਦਾ ਹੁੰਦਾ ਹੈ।ਮੁਹੰਮਦ ਰੱਬ ਦਾ ਉਚੇਚਾ ਗੌਸ ਜਾਂ ਕੁਤਬ ਹੈ ਜੋ ਸਾਰੇ ਨਬੀਆਂ ਉੱਤੇ ਮੋਹਰ ਵਾਂਗ ਹੈ।

ਪਰਮ ਸੱਤਾ ਸੰਬੰਧੀ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਸੂਫ਼ੀ ਵਿਚਾਰਧਾਰਾ 'ਚ

ਦੋ ਵਰਗ ਬਣਦੇ ਹਨ । ਵਹਿਦਤ-ਉਲ-ਵਜੂਦ ਅਤੇ ਵਹਿਦਤ-ਉਲ-ਸ਼ਹੂਦ। ਖ਼ੁਦਾ ਦੀ ਸਰਬ ਵਿਆਪਕਤਾ ਲਈ ਸੂਫ਼ੀਮਤ 'ਚ ਵਹਿਦਤ-ਉਲ-ਵਜੂਦ ਦੇ ਸਿਧਾਂਤ ਨੂੰ ਅਧਿਕ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸ ਸਿਧਾਂਤ ਅਨੁਸਾਰ ਵਜੂਦ ਕੇਵਲ ਇੱਕ ਹੀ ਹਸਤੀ ਦਾ ਹੈ, ਇਸ ਤੋਂ ਭਿੰਨ ਹੋਰ ਕਿਸੇ ਸੱਤਾ ਦਾ ਤਸੱਵਰ ਸੰਭਵ ਨਹੀਂ। ਵਹਿਦਤ-ਉਲ-ਵਜੂਦ ਦਾ ਸ਼ਾਬਦਿਕ ਅਰਥ ਹੈ: ਵਜੂਦ ਦਾ ਇੱਕ ਹੋਣਾ। ਇਹ ਸਿਧਾਂਤ ਕੁਰਾਨ ਦੀ ਹੇਠ ਲਿਖੀ ਆਇਤ ਉਤੇ ਟਿਕਿਆ ਹੈ-

*"ਉਹੀ ਅੱਵਲ ਹੈ, ਉਹੀ ਆਖਿਰ ਹੈ' ਉਹੀ ਜ਼ਾਹਿਰ ਹੈ ਅਤੇ ਉਹੀ ਬਾਤਿਨ ਹੈ"*[8]

ਇਸ ਸਿਧਾਂਤ ਅਨੁਸਾਰ ਖ਼ੁਦਾ ਸ੍ਰਿਸ਼ਟੀ ਦਾ ਆਦਿ ਵੀ ਹੈ ਤੇ ਅੰਤ ਵੀ; ਸਾਰੀ ਰਚਨਾ ਉਸੇ ਦਾ ਹੀ ਪ੍ਰਗਟਾਵਾ ਹੈ; ਸਾਰੀ ਸ੍ਰਿਸ਼ਟੀ ਉਸੇ ਤੋਂ ਹੀ ਰੂਪ ਗ੍ਰਹਿਣ ਕਰਦੀ ਹੈ ਤੇ ਉਸ ਵਿੱਚ ਹੀ ਸਮਾ ਜਾਂਦੀ ਹੈ। ਇਸਨੂੰ ਸੂਫ਼ੀ ਮੱਤ ਵਿੱਚ 'ਹਮਾਊਸਤ'(ਸਭ ਕੁਝ ਖ਼ੁਦਾ ਹੈ) ਵੀ ਕਿਹਾ ਜਾਂਦਾ ਹੈ।

ਸ਼ੇਖ ਅਬਦੁਲ ਕਾਦਰ ਜਿਲਾਨੀ ਵਹਿਦਤ-ਉਲ-ਵਜੂਦ ਸਿਧਾਂਤ ਦਾ ਪ੍ਰਮੁੱਖ ਸਮਰਥਕ ਸੀ।ਇਸ ਨੂੰ ਦਸਵੀਂ ਸਦੀ 'ਚ ਸ਼ਹਾਦਤ ਦਾ ਜਾਮ ਪੀਣ ਵਾਲੇ ਮਨਸੂਰ ਅਤੇ 13ਵੀਂ ਸਦੀ ਦੇ ਸੂਫ਼ੀ ਚਿੰਤਕ ਇਬਨੇ ਅਰਬੀ ਨੇ ਸਿਧਾਂਤਕ ਮਹੱਤਤਾ ਪ੍ਰਧਾਨ ਕੀਤੀ। ਅੱਲਾਹ ਦੀ ਸਰਬ-ਵਿਆਪਕਤਾ ਨੂੰ ਸਵੀਕਾਰਦਿਆਂ ਮਨਸੂਰ ਨੇ ਆਪਣੇ ਅੰਦਰ ਰੱਬੀ ਹੋਂਦ ਦਾ ਪ੍ਰਗਟਾਵਾ ਕੀਤਾ ਤੇ ਇਸੇ ਸਿਧਾਂਤ 'ਤੇ ਚੱਲਦਿਆਂ ਇਬਨੇ ਅਰਬੀ ਨੇ ਹਰ ਇਨਸਾਨ ਅੰਦਰ ਰੱਬੀ ਨੂਰ ਦਾ ਜਲਵਾ ਵੇਖਿਆ। ਉਸ ਨੇ ਇਸੇ ਸਿਧਾਂਤ ਦੇ ਆਧਾਰ ਤੇ ਆਪਣੇ ਧਰਮ ਨੂੰ ਇਸ਼ਕ ਦਾ ਧਰਮ ਆਖਿਆ। ਉਸਦੀ ਸ਼ਾਇਰੀ ਤੋਂ ਇਸ ਗੱਲ ਦਾ ਪ੍ਰਗਟਾਵਾ ਭਲੀਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ:

*"ਅੱਜ ਤੋਂ ਪਹਿਲਾਂ ਮੇਰਾ ਇਹ ਹਾਲ ਸੀ ਕਿ ਜਿਹੜਾ ਬੰਦਾ ਮੇਰੇ ਦੀਨ ਨੂੰ ਨਹੀਂ ਮੰਨਦਾ ਜਾਂ ਉਸਤੋਂ ਇਨਕਾਰ ਕਰਦਾ ਸੀ ਉਸਨੂੰ ਆਪਣੇ ਤੋਂ ਬਿਗਾਨਾ ਸਮਝਦਾ ਸਾਂ ਪਰ ਹੁਣ ਮੇਰਾ ਦਿਲ ਹਰ ਸੂਰਜ ਨੂੰ ਕਬੂਲ ਕਰ ਲੈਂਦਾ ਹੈ। ਹੁਣ ਮੈਂ ਇਸ਼ਕ ਦੇ ਮਜ਼ਹਬ ਦਾ ਪੈਰੋਕਾਰ ਹਾਂ। ਇਸ਼ਕ ਦਾ ਕਾਫਲਾ ਭਾਵੇਂ ਮੈਨੂੰ ਕਿਧਰੇ ਲੈ ਜਾਵੇ ਮੇਰਾ ਦੀਨ ਵੀ ਇਸ਼ਕ ਹੈ ਮੇਰਾ ਇਮਾਨ ਵੀ ਇਸ਼ਕ ਹੈ।"*[9]

ਪੰਜਾਬੀ ਸੂਫ਼ੀ ਕਵੀਆਂ ਨੇ ਵਹਿਦਤ-ਉਲ-ਵਜੂਦ ਦੇ ਸਿਧਾਂਤ 'ਤੇ ਚੱਲਦਿਆਂ ਹੋਇਆਂ ਰੱਬੀ ਇਸ਼ਕ ਨੂੰ ਆਪਣਾ ਮਜ਼ਹਬ ਕਬੂਲਦਿਆਂ ਰੱਬ ਨਾਲ, ਮੁਰਸ਼ਿਦ ਨਾਲ ਤੇ ਹਰ ਇਨਸਾਨ ਨਾਲ ਇਸ਼ਕ ਦਾ ਰਿਸ਼ਤਾ ਕਾਇਮ ਰੱਖਿਆ। ਇਸ਼ਕ ਇਨਸਾਨ ਨੂੰ ਸਾਲਿਕ ਦੇ ਪਦ ਤੱਕ ਲੈ ਜਾਣ ਦਾ ਰਾਹ ਸੀ ਜਿਸ ਨੂੰ ਸੂਫ਼ੀ ਸਾਧਕਾ ਨੇ ਸੂਫ਼ੀਆਂ ਦੇ ਪ੍ਰਮੁੱਖ ਸਿਧਾਂਤ ਵਜੋਂ ਅਪਣਾਇਆ। ਇਸ ਸਿਧਾਂਤ ਦੀ ਚਰਚਾ ਹਥਲੇ ਖੋਜ ਪੱਤਰ 'ਚ ਅੱਗੇ ਜਾ ਕੇ ਕੀਤੀ ਜਾਵੇਗੀ।

ਵਹਿਦਤ-ਉਲ-ਵਜੂਦ ਦੇ ਸਿਧਾਂਤ ਨਾਲ ਵਹਿਦਤ-ਉਲ-ਸਹੂਦ ਦਾ ਸਿਧਾਂਤ ਵੀ ਪ੍ਰਚੱਲਿਤ ਹੋਇਆ।ਇਸ ਸਿਧਾਂਤ ਦੇ ਮੋਢੀ ਚੌਦਵੀਂ ਸਦੀ ਦੇ ਅੱਬਦੁਲ-ਕਰੀਮ-ਜੀਲੀ ਨੂੰ ਮੰਨਿਆ ਜਾਂਦਾ ਹੈ। ਇਸ ਸਿਧਾਂਤ ਨੂੰ ਮੰਨਣ ਵਾਲਿਆਂ ਦਾ ਵਿਚਾਰ ਹੈ ਕਿ ਪਰਮਾਤਮਾ ਦਾ ਸਰੂਪ ਇੰਨਾਂ ਮਹਾਨ ਹੈ ਕਿ ਉਸੇ ਸਾਹਮਣੇ ਕਿਸੇ ਦੀ ਵੀ ਆਪਣੀ ਹੋਂਦ ਨਹੀਂ। ਇਹ ਸ੍ਰਿਸ਼ਟੀ ਨੂੰ ਸੱਚ ਨਹੀਂ ਮੰਨਦੇ ਕੇਵਲ ਪਰਮ ਸੱਤਾ ਦਾ ਪ੍ਰਤੀਬਿੰਬ ਕਹਿੰਦੇ ਹਨ। ਪੰਜਾਬੀ ਸੂਫ਼ੀ ਕਵੀਆਂ ਨੇ ਇਸ ਸਿਧਾਂਤ ਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ। ਉਹ ਪ੍ਰਮੁੱਖ ਰੂਪ ਵਿੱਚ ਵਹਿਦਤ-ਉਲ-ਵਜੂਦ ਦੇ ਅਨੁਯਾਈ ਸਨ । ਹੇਠਲੇ ਸਲੋਕ 'ਚ ਬਾਬਾ ਫਰੀਦ ਅੱਲਾਹ ਦੇ ਨਿਰੰਤਰ ਸਾਥ ਉੱਪਰ ਬਲ ਦਿੰਦਿਆਂ ਵਹਿਦਤ-ਉਲ-ਵਜੂਦ ਦੇ ਸਿਧਾਂਤ ਪ੍ਰਤਿ ਦ੍ਰਿੜ੍ਹਤਾ ਦਾ ਪ੍ਰਗਟਾਵਾ ਕਰਦੇ ਹਨ:

*ਕਰਿ ਕਿਰਪਾ ਪ੍ਰਭ ਸਾਧ ਸੰਗਿ ਮੇਲੀ।।*
*ਜਾ ਫਿਰਿ ਦੇਖਾ ਤਾਂ ਮੇਰਾ ਅਲਹੁ ਬੇਲੀ।।*[10]

ਪਰਮਾਤਮਾ ਦੇ ਸਰੂਪ ਅਤੇ ਸ੍ਰਿਸ਼ਟੀ ਰਚਨਾ ਦੇ ਸੰਬੰਧ ਵਿੱਚ ਸੂਫ਼ੀਮਤ ਵਿੱਚ ਤਨਾਜੁਲ ਦਾ ਸਿਧਾਂਤ ਵਿਸ਼ੇਸ਼ ਜ਼ਿਕਰ ਯੋਗ ਹੈ। ਤਨਾਜੁਲ ਇੱਕ ਅਰਬੀ ਸ਼ਬਦ ਹੈ ਜਿਸਦਾ ਅਰਥ ਹੈ: "ਉਤਰਨਾ" ਜਾਂ "ਘਟਣ ਦੀ ਪ੍ਰਕਿਰਿਆ"। ਤਨਾਜੁਲ ਰੱਬੀ ਨੂਰ ਜਾਂ ਹਕੀਕਤ ਦੀ ਉੱਚਤਮ ਹਸਤੀ ਤੋਂ ਜਗਤ ਦੀ ਸਭ ਤੋਂ ਨੀਵੀਂ ਅਵਸਥਾ ਤੱਕ "ਉਤਰਨ" ਦੀ ਆਤਮਿਕ ਪ੍ਰਕਿਰਿਆ ਨੂੰ ਦਰਸਾਉਂਦਾ ਹੈ। ਇਸ ਸਿਧਾਂਤ ਦੇ ਅੰਤਰਗਤ ਤਿੰਨ ਪੜਾਵਾਂ ਨੂੰ ਨਿਸ਼ਚਿਤ ਕੀਤਾ ਗਿਆ ਹੈ। ਪਹਿਲੇ ਪੜਾਅ ਅਨੁਸਾਰ ਪਰਮਾਤਮਾ *ਅਲ-ਵਜੂਦ-ਦਲ-ਮੁਤਲਕ*[11] ਅਰਥਾਤ ਨਿਰਗੁਣ ਸੀ। ਨਿਰਗੁਣ ਹੋਂਦ ਦੇ ਦੋ ਰੂਪ ਹਨ ਅਲ-ਆਪਾ ਅਤੇ ਅਹਿਦੀਅਤ ਅਲ-ਆਪਾ।

ਪਹਿਲੀ ਅਵਸਥਾ ਉਹ ਹੈ ਜਿੱਥੇ ਪਰਮਾਤਮਾ ਪਹਿਲਾਂ ਰਹਿੰਦਾ ਸੀ ਦੂਸਰੀ ਅਵਸਥਾ ਅਹਿਦੀਅਤ ਭਾਵ ਜਿਸ ਵਿੱਚ ਪਰਮਾਤਮਾ ਨੂੰ ਆਪਣੀ ਏਕਤਾ ਦਾ ਗਿਆਨ ਸੀ। ਮੇਰੀ ਜਾਚੇ ਇਹ ਸਿਧਾਂਤ ਗੁਰਮਤਿ ਦੇ ਨਿਰਗੁਣ ਤੇ ਸਰਗੁਣ ਸਰੂਪ ਨਾਲ ਮੇਲ ਖਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਇਸ ਰੂਪ ਨੂੰ ਸੁੰਨ ਮੰਨਿਆ ਹੈ ਜੋ ਸ੍ਰਿਸ਼ਟੀ ਤੋਂ ਪਹਿਲਾਂ ਨਿਰਵਿਕਲਪ ਅਵਸਥਾ 'ਚ ਸੀ ਜਿੱਥੇ ਉਹ ਰੂਪ, ਰੰਗ ਤੇ ਆਕਾਰ ਤੋਂ ਰਹਿਤ ਸੁੰਨ ਅਵਸਥਾ

'ਚ ਲੀਨ ਸੀ। ਸਰਗੁਣ ਸਰੂਪ 'ਚ ਉਹ ਸਾਰੀ ਸ੍ਰਿਸ਼ਟੀ 'ਚ ਸਰਬ ਵਿਆਪਕ ਰੂਪ ਵਿੱਚ ਵਿਦਵਾਨ ਹੈ *'ਏਕੁ ਪਿਤਾ ਏਕਸ ਕੇ ਹਮ ਬਾਰਿਕ'*[12] ਦਾ ਸਿਧਾਂਤ ਪਰਮਾਤਮਾ ਨੂੰ ਆਪਣੇ ਏਕਤਵਵ ਹੋਣ ਦਾ ਗਿਆਨ ਸਿੱਧ ਕਰਦਾ ਹੈ।

ਇਸ ਸਰਬ ਵਿਆਪਕ ਹਸਤੀ ਨੂੰ ਜਾਣਨ ਲਈ ਇਨਸਾਨ ਨੂੰ ਸਧਾਰਨਤਾ ਦੀ ਪੱਧਰ ਤੋਂ ਉੱਪਰ ਉੱਠ ਕੇ ਅਸਧਾਰਨਤਾ ਦੀ ਪੱਧਰ ਤੱਕ ਲੈ ਜਾਣ ਦੀ ਗੱਲ ਸੂਫ਼ੀ ਫ਼ਲਸਫ਼ੇ ਦਾ ਬੁਨਿਆਦੀ ਸਿਧਾਂਤ ਬਣਦੀ ਹੈ। ਸੂਫ਼ੀ ਮਾਰਗ ਉੱਪਰ ਚੱਲਣ ਵਾਲੇ ਇਨਸਾਨ ਨੂੰ ਸੂਫ਼ੀ ਪਰਿਭਾਸ਼ਿਕ ਸ਼ਬਦਾਵਲੀ ਵਿੱਚ ਸਾਲਿਕ ਕਿਹਾ ਜਾਂਦਾ ਹੈ। ਸੂਫ਼ੀ ਦਰਸ਼ਨ 'ਚ ਇੱਕ ਆਮ ਮਨੁੱਖ ਨਿਸ਼ਚਿਤ ਵਿਧੀ ਅਤੇ ਵਿਸ਼ੇਸ਼ ਮਾਰਗ ਤੇ ਚੱਲ ਕੇ ਸ੍ਰੇਸ਼ਟ ਇਨਸਾਨ ਭਾਵ ਸਾਲਿਕ ਦੇ ਰੂਪ ਵਿੱਚ ਸਥਾਪਿਤ ਹੁੰਦਾ ਹੈ। ਸ੍ਰੇਸ਼ਟ ਮਨੁੱਖ ਦੇ ਰੂਪ ਵਿੱਚ ਸਥਾਪਿਤ ਹੋਣ ਲਈ ਸੂਫ਼ੀ ਫ਼ਲਸਫ਼ੇ 'ਚ ਮਨੁੱਖ ਨੂੰ ਖ਼ੁਦਾ ਦੇ ਗਿਆਨ ਦੀ ਪ੍ਰਾਪਤੀ ਦੇ ਨਾਲ-ਨਾਲ ਜਗਤ ਪ੍ਰਤਿ ਸੁਚੇਤ ਪੱਧਰ ਤੇ ਚੱਲਣ ਦੀ ਤਾਕੀਦ ਕੀਤੀ ਗਈ ਹੈ। ਸੂਫ਼ੀਆਂ ਦਾ ਵਿਚਾਰ ਹੈ ਕਿ ਮਨੁੱਖ ਅੰਦਰ ਖ਼ੁਦਾ ਨੇ ਆਪਣੇ ਅਜਲੀ ਗੁਣਾਂ ਦਾ ਸੰਚਾਰ ਕੀਤਾ ਹੈ ਜਿਨ੍ਹਾਂ ਦਾ ਪ੍ਰਗਟਾਵਾ ਆਤਮਿਕ ਸ਼ੁਧੀ ਅਤੇ ਸਮਸਤ ਬੁਰਿਆਈਆਂ ਤੋਂ ਪਾਕਿ ਹੋਣ ਦੀ ਸੂਰਤ ਵਿੱਚ ਸੰਭਵ ਹੈ।

*"ਖ਼ੁਦਾ ਦਾ ਇਹ ਕੌਲ ਕਿ 'ਮੈਂ ਆਪਣੀ ਰੂਹ ਮਨੁੱਖ ਵਿੱਚ ਫੂਕੀ ਹੈ' ਇਸੇ ਵਿਚਾਰ ਦਾ ਪ੍ਰਤੀਕਰਮ ਹੈ।"*[13]

ਇਨਸਾਨ ਅੰਦਰ ਰੱਬੀ ਰੂਹ ਦੇ ਪ੍ਰਗਟਾਵੇ ਲਈ ਮਨੁੱਖੀਤਤਵ ਦੀ ਪ੍ਰਾਪਤੀ ਲਾਜਮੀ ਸ਼ਰਤ ਹੈ। ਮਨੁੱਖੀ ਚਰਿੱਤਰ ਵਿਚਲੀਆਂ ਨਾਕਰਾਤਮਕ ਸ਼ਕਤੀਆਂ ਦਾ ਤਿਆਗ ਕਰਕੇ, ਇੱਕ ਖ਼ੁਦਾ ਦਾ ਗਿਆਨ ਹਾਸਿਲ ਕਰਕੇ ਮਨੁੱਖ ਸਾਲਿਕ ਦੀ ਪਦਵੀ ਗ੍ਰਹਿਣ ਕਰਨ ਦੇ ਸਮਰੱਥ ਹੋ ਸਕਦਾ ਹੈ। ਉਸ ਦੀ ਆਂਤਰਿਕ ਸਥਿਤੀ ਪੂਰਨਤਾ ਵਾਲੀ ਬਣ ਜਾਂਦੀ ਹੈ ਤੇ ਮਨੁੱਖ ਸਰਬ ਸ੍ਰੇਸ਼ਟ ਰੂਪ 'ਚ ਸਥਾਪਿਤ ਹੋ ਜਾਂਦਾ ਹੈ। ਅਜਿਹੇ ਮਨੁੱਖ ਨੂੰ ਪੂਰਨ ਮਾਨਵ ਕਿਹਾ ਗਿਆ ਹੈ। ਇਨਬੁਲ ਅਰਬੀ ਨੇ ਆਪਣੇ ਸੂਫ਼ੀ ਫ਼ਲਸਫ਼ੇ ਵਿੱਚ ਪੂਰਨ ਮਾਨਵ ਲਈ ਇਨਸਾਨ-ਉਲ-ਕਾਮਿਲ ਦਾ ਸਿਧਾਂਤ ਦਿੱਤਾ ਹੈ। ਇਨਸਾਨ-ਉਲ-ਕਾਮਿਲ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜਿਸਨੇ ਆਪਣਾ ਪੂਰਨ ਅਸਤਿੱਤਵ ਇੱਕ ਖ਼ੁਦਾ ਅੱਗੇ ਆਰਸ਼ਿਤ ਕਰ ਦਿੱਤਾ ਹੈ। ਜਿਸਨੇ ਆਪਣੀ ਅੰਦਰੂਨੀ ਅਵਸਥਾ ਵਿੱਚ ਬਦਲਾਵ ਲਿਆ ਕੇ ਆਪਣੇ ਅੰਦਰ ਇੱਕ ਸ੍ਰੇਸ਼ਟ ਵਿਅਕਤੀ ਨੂੰ ਸਿਰਜ ਲਿਆ ਹੁੰਦਾ ਹੈ। ਇਸ ਪਦ ਦੀ ਪ੍ਰਾਪਤੀ ਲਈ ਇੱਕ ਸੂਫ਼ੀ ਆਤਮ ਸੰਘਰਸ਼ ਕਰਦਾ ਹੈ। ਇਸ ਆਤਮਿਕ ਸੰਘਰਸ਼ ਦੌਰਾਨ ਇੱਕ ਸੂਫ਼ੀ ਸਾਧਕ ਸਮਸਤ ਬੁਰਾਈਆਂ ਨੂੰ ਰੱਬੀ ਯਾਦ ਨਾਲ ਖਤਮ ਕਰਦਾ ਹੈ ਅਤੇ ਆਪਣੇ ਅੰਦਰ ਇੱਕ ਖ਼ੁਦਾ ਦੀ ਹੋਂਦ ਤੋਂ ਬਿਨਾਂ ਸਭ ਦਾ ਤਿਆਗ ਕਰ ਦਿੰਦਾ ਹੈ। ਅਜਿਹੇ ਵਿਅਕਤੀ 'ਤੇ ਪਰਮਾਤਮਾ ਦੀ ਅਨੁਭੂਤੀ ਪ੍ਰਗਟ ਹੁੰਦੀ ਹੈ। ਸੂਫ਼ੀ ਸਾਧਕ ਦਾ ਸਮੁੱਚਾ ਆਪਾ ਖ਼ੁਦਾ ਦੇ ਨੂਰਾਨੀ ਪ੍ਰਕਾਸ਼ ਨਾਲ ਰੌਸ਼ਨ ਹੋ ਜਾਂਦਾ ਹੈ। ਸ਼ਾਹ ਹੁਸੈਨ ਆਪਣੀ ਰਚਨਾ ਵਿੱਚ ਅਜਿਹੇ ਭਾਵਾਂ ਦਾ ਪ੍ਰਗਟਾਵਾ ਕਰਦਾ ਹੈ:

*ਰੱਬਾ ਮੇਰੇ ਹਾਲ ਦਾ ਮਹਿਰਮੁ।।*
*ਅੰਦਰਿ ਤੂੰ ਹੈਂ ਬਾਹਿਰ ਤੂੰ ਹੈਂ।।*
*ਰੋਮਿ ਰੋਮਿ ਵਿਚਿ ਤੂੰ ।।*[14]

ਸੂਫ਼ੀ ਚਿੰਤਨ ਵਿੱਚ ਇਨਸਾਨ ਅਤੇ ਖ਼ੁਦਾ ਵਿੱਚ ਏਕਤਤਵ ਦਾ ਭਾਵ ਸਥਾਪਿਤ ਕਰਨ ਵਾਲਾ ਮੁਰਸ਼ਿਦ ਹੈ। ਮੇਰੀ ਜਾਚੇ ਮੁਰਸ਼ਿਦ ਆਮ ਮਨੁੱਖ ਅਤੇ ਅੱਲਾਹ ਵਿਚਕਾਰ ਇੱਕ ਜਿਹੀ ਕੜੀ ਹੈ ਜੋ ਇਨਸਾਨ ਤੇ ਖ਼ੁਦਾ ਦੇ ਆਪਸੀ ਸੰਬੰਧਾਂ ਲਈ ਅਹਿਮ ਰੋਲ ਅਦਾ ਕਰਦਾ ਹੈ। ਡਾ. ਹਰਜਿੰਦਰ ਸਿੰਘ ਢਿੱਲੋ ਅਨੁਸਾਰ,

*"ਮੁਰਸ਼ਿਦ ਮੂਲ ਰੂਪ ਵਿੱਚ ਸ੍ਰੇਸ਼ਟ ਇਨਸਾਨ ਅਥਵਾ ਇਨਸਾਨ -ਉਲ-ਕਾਮਿਲ ਦੇ ਸਮਾਨ ਅੰਤਰ ਭੂਮਿਕਾ ਨਿਭਾਉਂਦਾ ਹੈ। ਉਹ ਅਜਿਹੀ ਸ਼ਖ਼ਸੀਅਤ ਹੈ ਜੋ ਆਪਣੇ ਮੁਰੀਦ ਦੀਆਂ ਰੂਹਾਨੀ ਲੋੜਾਂ ਦੀ ਪੂਰਤੀ ਵਿੱਚ ਸਹਾਇਤਾ ਕਰਦਾ ਹੈ। ਉਸਨੂੰ ਗੁਰੂ, ਪੀਰ, ਸ਼ੈਖ ਸ਼ਬਦਾਂ ਨਾਲ ਵੀ ਪ੍ਰਗਟਾਇਆ ਜਾਂਦਾ ਹੈ।"*[15]

ਮੁਰਸ਼ਿਦ ਦੀ ਅਗਵਾਈ ਅਧੀਨ ਇਕ ਸੂਫ਼ੀ ਆਪਣੇ ਅੰਦਰ ਨਫ਼ਸ ਨੂੰ ਮਿਟਾ ਕੇ ਰੱਬੀ ਹੋਂਦ ਨਾਲ ਏਕਤਤਵ ਵਾਲੇ ਸੰਬੰਧ ਸਥਾਪਿਤ ਕਰਦਾ ਹੈ। ਅਲ-ਗ਼ਜ਼ਾਲੀ ਨਾਮ ਦੇ ਮੁੱਢਲੇ ਸੂਫ਼ੀ ਦੀ ਧਾਰਨਾ ਸੀ ਕਿ ਜਿਹੜਾ ਵਿਅਕਤੀ ਕਿਸੇ ਸ਼ੇਖ ਦੀ ਅਗਵਾਈ ਤੋਂ ਵਾਂਝਾ ਰਹਿ ਜਾਂਦਾ ਹੈ ਉਸ ਨੂੰ ਸ਼ੈਤਾਨ ਆਪਣੇ ਮਾਰਗ ਤੇ ਲੈ ਤੁਰਦਾ ਹੈ। ਬਾਬਾ ਸ਼ੇਖ਼ ਫਰੀਦ ਨੇ ਆਪਣੀ ਰਚਨਾ 'ਚ ਮੁਰਸ਼ਿਦ ਨੂੰ ਬਹੁਤ ਉੱਚਾ ਦਰਜਾ ਦਿੱਤਾ ਹੈ। ਇਸ ਲਈ ਮੁਰਸ਼ਿਦ ਦੀ ਟੇਕ ਲੈਣਾ ਜਰੂਰੀ ਹੈ । ਗੁਰੂ ਦੇ ਦੱਸੇ ਰਾਹ ਤੋਂ ਬਿਨਾਂ ਸਾਧਕ ਇੱਕ ਕਦਮ ਵੀ ਅੱਗੇ ਨਹੀਂ ਤੁਰਦਾ:

*ਬੋਲੀਐ ਸਚੁ ਧਰਮ ਝੂਠ ਨਾ ਬੋਲੀਐ ।।*
*ਜੋ ਗੁਰੁ ਦਸੇ ਵਾਟ ਮੁਰੀਦਾ ਜੋਲੀਐ ।।* [16]

ਸੁਲਤਾਨ ਬਾਹੂ ਆਪਣੀ ਰਚਨਾ ਵਿੱਚ ਮੁਰਸ਼ਿਦ ਨੂੰ ਬਹੁਤ ਉੱਚਾ, ਸੁੱਚਤਮ ਗੁਣਾਂ ਵਾਲਾ ਅਤੇ ਧਾਰਮਿਕ ਸ਼ੁੱਧਤਾ ਵਾਲਾ ਚਿੱਤਰਦਾ ਹੈ ਜੋ ਸਾਧਕ ਨੂੰ ਵੀ ਪਾਕਿ-ਪਵਿੱਤਰ ਕਰ ਦਿੰਦਾ ਹੈ:

*ਕਾਮਿਲ ਮੁਰਸ਼ਿਦ ਐਸਾ ਹੋਵੇ, ਜੋ ਧੋਬੀ ਵਾਂਗੂੰ ਛੱਟੇ ਹੂ।*
*ਨਾਲ ਨਿਗਾਹ ਦੇ ਪਾਕ ਕਰੇ, ਨ ਸੱਜੀ ਸਾਬਨ ਘੱਤੇ ਹੂ।*
*ਮੈਲੇ ਥੀਂ ਕਰ ਦੇਂਦਾ ਚਿੱਟਾ, ਜ਼ਰਾ ਮੈਲ ਨਾ ਰੱਖੇ ਹੂ ।*
*ਐਸਾ ਮੁਰਸ਼ਿਦ ਹੋਵੇ ਬਾਹੂ ਜਿਹੜਾ ਲੂ ਲੂ ਦੇ ਵਿੱਚ ਵੱਸੇ ਹੂ।*[17]

ਸੂਫ਼ੀਮਤ ਵਿੱਚ ਇੱਕ ਮੁਰੀਦ ਨੂੰ ਆਪਣੇ ਆਪ ਨੂੰ ਮੁਰਸ਼ਿਦ ਲਈ ਸਮਰਪਿਤ ਕਰਨਾ ਪੈਂਦਾ ਹੈ ਕਿਉਂਕਿ ਮੁਰਸ਼ਿਦ ਤੋਂ ਬਿਨਾਂ ਸਾਧਕ ਸਿੱਧੀ ਪ੍ਰਾਪਤ ਕਰਨ ਤੋਂ ਅਸਮਰਥ ਰਹਿੰਦਾ ਹੈ। ਮੁਰਸ਼ਿਦ ਆਪਣੇ ਮੁਰੀਦ ਦਾ ਪੱਥ ਪ੍ਰਦਰਸ਼ਨ ਕਰਦਾ ਹੋਇਆ ਉਸ ਵਿੱਚ ਤੌਬਾ, ਸੰਜਮ, ਫਰਕ, ਸਬਰ, ਸੰਤੋਖ, ਤਵਕੁਲ, ਰਜਾ ਆਦਿ ਵਰਗੇ ਨੈਤਿਕ ਗੁਣਾਂ ਦਾ ਸੰਚਾਰ ਕਰਦਾ ਹੈ। ਇਹ ਅਜਿਹੇ ਗੁਣ ਹਨ ਜਿਹੜੇ ਮੁਰੀਦ ਨੂੰ ਆਤਮਿਕ ਤੌਰ ਤੇ ਸ਼ੁੱਧ ਕਰਕੇ ਆਤਮ ਪ੍ਰਗਤੀ ਵੱਲ ਜਾਣ ਲਈ ਸਹਾਇਕ ਹੁੰਦੇ ਹਨ ।

ਆਤਮਿਕ ਪ੍ਰਗਤੀ ਲਈ ਸੂਫ਼ੀ ਵਿਚਾਰਧਾਰਾ 'ਚ ਆਤਮਾ ਦੇ ਦੋ ਭੇਦ ਮੰਨੇ ਗਏ ਹਨ ਇੱਕ ਰੂਹ ਅਤੇ ਦੂਜਾ ਨਫ਼ਸ। ਜੀਵ-ਆਤਮਾ ਇਸ ਦੁਨੀਆਂ ਵਿੱਚ ਆਉਣ ਤੋਂ ਪਹਿਲਾਂ ਪਰਮਾਤਮਾ ਨਾਲ ਅਭਿੰਨ ਸੀ। ਅੱਲਾਹ ਹੀ ਇਸ ਨੂੰ ਭੌਤਿਕ ਸਰੀਰ ਵਿੱਚ ਭੇਜਦਾ ਹੈ। *ਮਨੁੱਖ ਦੀ ਆਤਮਾ ਬਾਰੇ ਜੁਨੈਦ*[18] ਨੇ ਕਿਹਾ ਹੈ ਕਿ ਇਸ ਦੇ ਤੱਤਵ ਅਤੇ ਪ੍ਰਕਿਰਤੀ ਬਾਰੇ ਸਿਰਫ਼ ਈਸ਼ਵਰ ਨੂੰ ਹੀ ਗਿਆਨ ਹੈ। ਇਸ ਬਾਰੇ ਇਸ ਤੋਂ ਵਧੇਰੇ ਕੁਝ ਨਹੀਂ ਕਿਹਾ ਜਾ ਸਕਦਾ। ਇਸਦੇ ਸਰੀਰ ਵਿੱਚ ਤਿੰਨੇ ਹਿੱਸੇ ਮੰਨੇ ਜਾਂਦੇ ਹਨ *ਕਲਬ (ਦਿਲ), ਰੂਹ (ਜਾਨ) ਅਤੇ ਸਿਰਰ (ਅੰਤਹਕਰਣ)।*[19] ਮੀਰ-ਵਲੀ-ਉਦ ਦੀਨ ਇਹਨਾਂ ਨੂੰ ਤਸਫ਼ੀਆ-ਏ-ਕਲਬ, ਤਲਖ਼ੀਆਂ-ਏ-ਸਿਰਰ ਅਤੇ ਤਜੱਲੀਆ-ਏ-ਰੂਹ ਦਾ ਨਾਮ ਦਿੰਦਾ ਹੈ ।

ਤਸਫੀ਼ਆ-ਏ-ਕਲਬ ਦਾ ਸ਼ਾਬਦਿਕ ਅਰਥ ਦਿਲ ਦੀ ਸ਼ੁਧੀ ਹੈ। ਸੂਫ਼ੀ ਦਰਸ਼ਨ 'ਚ ਕਲਬ ਅਥਵਾ ਦਿਲ ਰੂਹਾਨੀ ਤੱਤ ਹੈ ਤੇ ਰੂਹਾਨੀਅਤ ਤੱਕ ਪਹੁੰਚਣ ਲਈ ਇਸ ਦਾ ਸ਼ੁੱਧ ਹੋਣਾ ਲਾਜ਼ਮੀ ਹੈ। ਸੰਸਾਰਿਕ ਵਿਸ਼ੇ ਵਿਕਾਰਾਂ ਕਾਰਨ ਇਸ ਉੱਤੇ ਵਿਕਾਰਾਂ ਦਾ ਪਰਦਾ ਪੈ ਜਾਂਦਾ ਹੈ। ਇਸ ਕਾਰਨ ਇਸਦੀ ਮੂਲ ਹੋਂਦ ਗੁੰਮ ਹੋ ਜਾਂਦੀ ਹੈ ਪਰੰਤੂ ਇਸਦੀ ਸ਼ੁਧੀ ਸੰਭਵ ਹੈ ਜਿਸ ਲਈ ਇੱਕ ਸੂਫ਼ੀ ਸਾਧਕ ਨੂੰ ਆਤਮ ਸ਼ੁਧੀ ਦੇ ਮਾਰਗ ਤੇ ਅਗਰਸਰ ਹੋਣ ਦੀ ਲੋੜ ਹੈ। ਸਮਸਤ ਬੁਰਾਈਆਂ ਨੂੰ ਆਪਣੇ ਤੋਂ ਰਹਿਤ ਕਰਕੇ ਦਿਲ ਅੰਦਰ ਰੱਬੀ ਹੋਂਦ ਦਾ ਅਨੁਭਵ ਹੀ ਜੀਵ ਨੂੰ ਸੰਸਾਰਿਕਤਾ ਤੋਂ ਨਿਰਲੇਪ ਰੱਬੀ ਰਜਾ ਵਿੱਚ ਜੀਵਨ ਬਤੀਤ ਕਰਨ ਲਈ ਪ੍ਰੇਰਦਾ ਹੈ। ਇਹੀ ਅਵਸਥਾ ਦਿਲ ਦੀ ਸ਼ੁਧੀ ਹੈ।

ਸਿਰਰ ਦਾ ਸੰਬੰਧ ਮਨੁੱਖ ਦੇ ਅੰਦਰ ਭਾਵ ਅੰਤਹਕਰਣ ਨਾਲ ਹੈ। ਅੰਤਹਕਰਣ ਸੂਫ਼ੀਆਂ ਅਨੁਸਾਰ ਪਰਮਾਤਮਾ ਦਾ ਨਿਵਾਸ ਸਥਾਨ ਹੈ। ਅੰਤਹਕਰਣ ਨੂੰ ਖ਼ੁਦਾ ਤੋਂ ਬਿਨਾਂ ਸਮਸਤ ਰੁਚੀਆਂ ਤੋਂ ਮੁਕਤ ਕਰਨਾ ਇੱਕ ਸੂਫ਼ੀ ਸਾਧਕ ਦਾ ਕਰਤੱਵ ਹੈ। ਸਿਰਰ ਦਾ ਸੱਖਣਾ ਹੋਣਾ ਕੇਵਲ ਮੁਰਾਬਕੇ ਦੁਆਰਾ ਹੀ ਸੰਭਵ ਹੈ। *ਮੁਰਾਕਬੇ ਤੋਂ ਭਾਵ ਸੁਰੱਖਿਆ (ਕਰਨਾ); ਉਡੀਕ (ਕਰਨਾ); ਆਸ (ਰੱਖਣਾ); ਨਿਗਾਹ (ਰੱਖਣਾ) ਬਾਕੀ ਸਭ ਪਾਸਿਆਂ ਤੋਂ ਧਿਆਨ ਹਟਾ ਕੇ ਅੱਲਾਹ ਦੀ ਹਜ਼ੂਰੀ ਵਿੱਚ ਧਿਆਨ ਲਾਉਣ ਦੀ ਕ੍ਰਿਆ ਹੈ।*[20] ਸਿਰਰ ਨੂੰ ਸੰਸਾਰਿਕਤਾ ਤੋਂ ਖਾਲੀ ਰੱਖਣਾ ਹੀ ਇਸ ਦੀ ਸੱਚੀ ਹੋਂਦ ਦਾ ਪ੍ਰਤੀਕ ਹੈ। ਅਸਲ 'ਚ ਜਿੱਥੇ ਪਿਆਰੇ ਦਾ ਨਿਵਾਸ ਹੋਵੇ ਉੱਥੇ ਸੰਸਾਰਿਕਤਾ ਭਾਵ ਦੁਨਿਆਵੀ ਪਦਾਰਥਾਂ ਦਾ ਨਿਵਾਸ ਸੰਭਵ ਹੀ ਨਹੀਂ ਹੁੰਦਾ । ਇੱਕ ਖ਼ੁਦਾ ਦੀ ਹੋਂਦ ਦਾ ਪ੍ਰਗਟਾ ਕੇਵਲ ਇਸੇ ਸਥਿਤੀ 'ਚ ਸੰਭਵ ਹੈ। ਸ਼ਾਹ ਹੁਸੈਨ ਦਾ ਵਿਚਾਰ ਹੈ ਜਿਸ ਆਤਮਾ ਵਿੱਚ ਰੱਬੀ ਇਸ਼ਕ ਸਮਾਇਆ ਹੋਇਆ ਹੈ ਉਥੇ ਦੂਜਾ ਹੋਰ ਕੁਝ ਪ੍ਰਗਟ ਨਹੀਂ ਹੋ ਸਕਦਾ :

ਤੂੰ ਹੈ ਤਾਣਾ ਤੂੰ ਹੈ ਬਾਣਾ,ਸਭੁ ਕਿਛ ਮੇਰਾ ਤੂੰ।
ਕਹੈ ਹੁਸੈਨ ਫ਼ਕੀਰ ਨਿਮਾਣਾ ਮੈਂ ਨਾਹੀਂ ਸਭੁ ਤੂੰ। [21]

ਸੂਫ਼ੀਮਤ ਤਜੱਲੀਆ-ਏ-ਰੂਹ ਦਾ ਭਾਵ ਰੂਹ ਦਾ ਪ੍ਰਕਾਸ਼ਮਾਨ ਹੋਣਾ ਹੈ। ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਸੂਫ਼ੀਮਤ ਵਿੱਚ ਆਤਮਾ ਦੇ ਦੋ ਭੇਦਾਂ ਨੂੰ ਸਵੀਕਾਰ ਕੀਤਾ ਗਿਆ ਹੈ ਨਫਸ ਅਤੇ ਰੂਹ। ਨਫਸ ਆਤਮਾ ਦੀ ਮਾੜੀ ਸਥਿਤੀ ਦਾ ਸੂਚਕ ਹੈ ਤੇ ਰੂਹ ਸਦ ਬਿਰਤੀਆਂ ਦੀ ਲਿਖਾਇਕ ਹੈ। ਖ਼ੁਦਾ ਹਰੇਕ ਆਤਮਾ ਵਿੱਚ ਜਲਵਾਨੁਮਾ ਹੈ। ਮਨੁੱਖ ਗੁਨਾਹਾਂ ਦਾ ਪੁਤਲਾ ਹੈ ਅਤੇ ਰੱਬ ਬਖਸ਼ਿਸ਼ ਕਰਨ ਵਾਲਾ ਪਰਮ ਪਿਤਾ। ਮਨੁੱਖ ਨਿਰਬਲ ਹੋਣ ਕਰਕੇ ਖ਼ੁਦਾ ਅੱਗੇ ਝੁਕਦਾ ਹੈ ਜਿਸ ਰਾਹੀਂ ਉਹ ਆਪਣੇ ਅੰਦਰ ਨਫ਼ਸ ਨੂੰ ਮਾਰਨ ਦਾ ਯਤਨ ਕਰਦਾ ਹੈ। ਖ਼ੁਦਾ ਦੀ ਰਹਿਮਤ ਦੁਆਰਾ ਮਨੁੱਖ ਦੀ ਰੂਹ ਖ਼ੁਦਾ ਦੇ ਗਿਆਨ ਨਾਲ ਪ੍ਰਕਾਸ਼ਮਾਨ ਹੋ ਜਾਂਦੀ ਹੈ। ਇਹ ਦੁਨੀਆਂ ਉੱਤੇ ਰੱਬੀ ਦੂਤ ਦੀ ਲਿਖਾਇਕ ਹੈ।

*"ਸੂਫ਼ੀ ਚਿੰਤਨ ਵਿੱਚ ਇਸ ਵਿਚਾਰ ਨੂੰ ਦ੍ਰਿੜ ਕਰਵਾਇਆ ਗਿਆ ਹੈ ਕਿ ਰੂਹ ਦੇ ਭੌਤਿਕ ਜਗਤ ਨਾਲੋਂ ਸੰਬੰਧ ਟੁੱਟਣੇ ਅਤਿ ਅਵੱਸ਼ਕ ਹਨ ਕਿਉਂ ਜੋ ਅਜਿਹੇ ਸੰਬੰਧ ਅਤੇ ਲਗਾਓ ਇਨਸਾਨੀ ਰੂਹ ਨੂੰ ਖ਼ੁਦਾ ਤੋਂ ਦੂਰੀ 'ਤੇ ਰੱਖਦੇ ਹਨ ਅਤੇ ਮਾਨਵੀ ਰੂਹ ਤੇ ਪਰਦਾ ਪਿਆ ਰਹਿੰਦਾ ਹੈ। ਰੂਹ ਜਿਸ ਨਾਲ ਵੀ ਇਸ਼ਕੀਆ ਸੰਬੰਧ ਸਥਾਪਿਤ ਕਰਦੀ ਹੈ ਉਸਦੀ ਗੁਲਾਮ ਬਣ ਜਾਂਦੀ ਹੈ। ਅਜਿਹੇ ਦੁਨਿਆਵੀਂ ਸੰਬੰਧਾਂ ਦੇ ਟੁੱਟਣ ਦੀ ਸਥਿਤੀ ਵਿੱਚ*

*ਮਾਨਵੀ ਰੂਪ ਪਵਿੱਤਰਤਾ ਗ੍ਰਹਿਣ ਕਰਦੀ ਹੈ ਅਤੇ ਰੱਬੀ ਮਾਰਗ ਉੱਤੇ ਪ੍ਰਵਾਹਿਤ ਹੁੰਦੀ ਹੈ। ਇਹ ਆਪਣੀਆਂ ਸਾਰੀਆਂ ਸ਼ਕਤੀਆਂ ਇੱਕ ਕੇਂਦਰ ਉੱਪਰ ਆਸ਼ਰਿਤ ਕਰਦੀ ਹੈ।'*[22]

ਜਦੋਂ ਇਨਸਾਨੀ ਰੂਹ ਸੰਸਾਰਿਕਤਾ ਦੀਆਂ ਸਮਸਤ ਵਸਤੂਆਂ ਤੋਂ ਸੱਖਣੀ ਹੋ ਜਾਂਦੀ ਹੈ ਤਾਂ ਉਸ ਵਿੱਚ ਖ਼ੁਦਾਈ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਉਸ ਵਿੱਚ ਕੇਵਲ ਇੱਕ ਹੀ ਹੋਂਦ ਦਾ ਅਨੁਭਵ ਸਮਾਇਆ ਰਹਿੰਦਾ ਹੈ। ਨਿਮਨ-ਅੰਕਿਤ ਸਲੋਕ ਵਿੱਚ ਨੌਸ਼ਹ ਗੰਜ ਕਾਦਰੀ ਖ਼ੁਦਾ ਦਾ ਪ੍ਰਕਾਸ਼ ਆਪਣੀ ਰੂਹ ਵਿੱਚ ਅਨੁਭਵ ਕਰਦੇ ਹੋਏ ਫਰਮਾਉਂਦੇ ਹਨ :

*ਇਕ ਅੱਵਲ, ਇਕ ਆਖਿਰ,ਇਕ ਬਾਤਿਨ ਜ਼ਾਹਿਰਾ।*
*ਇਕ ਹਾਜ਼ਿਰ, ਇਕ ਨਾਜਿਰ,ਇਕ ਅੰਦਰੋਂ ਬਾਹਿਰਾ।*[23]

ਇਸ ਆਤਮਿਕ ਪ੍ਰਾਪਤੀ ਦੇ ਰਸਤੇ ਵਿੱਚ ਮਨੁੱਖੀ ਅਹੰ ਇੱਕ ਵੱਡੀ ਰੁਕਾਵਟ ਹੈ। ਨਫਸ ਸੰਬੰਧੀ *ਆਰ.ਏ. ਨਿਕਸਨ*[24] ਆਖਦਾ ਹੈ ਕਿ ਇਨਸਾਨ ਅੰਦਰ ਬੁਰਾਈ ਦਾ ਤੱਤ ਹੈ ਜਿਹੜਾ ਉਸ ਦੀ ਆਤਮਾ ਭਾਵ ਰੂਹ ਦੇ ਘਟੀਆ ਅਤੇ ਲਾਲਸਾ ਭਰਪੂਰ ਪੱਖ ਨਾਲ ਸੰਬੰਧਿਤ ਹੈ। ਇਹ ਮਨੁੱਖ ਦੀ ਰੱਬੀ ਮਿਲਾਪ ਦੀ ਪ੍ਰਾਪਤੀ ਵਿੱਚ ਬਹੁਤ ਵੱਡੀ ਰੁਕਾਵਟ ਬਣਦਾ ਹੈ। ਨਫ਼ਸ ਦੇ ਪ੍ਰਭਾਵ ਅਧੀਨ ਆਤਮਾ ਮਲੀਨ ਹੋ ਜਾਂਦੀ ਹੈ। ਜੀਵਆਤਮਾ ਦਾ ਪਰਮਾਤਮਾ ਤੋਂ ਵਿਛੋੜਾ ਸਰੀਰਕ ਹੋਂਦ ਤੱਕ ਬਣਿਆ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਭਾਵ ਵਿਛੋੜੇ ਦੇ ਸਮੇਂ ਵਿੱਚ ਸੰਸਾਰਿਕ ਪਰਲੋਕਨ ਉਸਨੂੰ ਆਪਣੇ ਵੱਲ ਖਿੱਚਦੇ ਰਹਿੰਦੇ ਹਨ। ਇਹ ਆਤਮਾ ਦਾ ਹੀਣ ਪੱਖ ਹੈ ਜਿਸ ਨੂੰ ਨਫ਼ਸ ਕਿਹਾ ਗਿਆ ਹੈ। ਇਹ ਮਨੁੱਖ ਦਾ ਸ਼ੈਤਾਨੀ ਅਥਵਾ ਪਸ਼ੂ ਬਿਰਤੀਆਂ ਵਾਲਾ ਪੱਖ ਹੈ। ਇੰਝ ਕਿਹਾ ਜਾ ਸਕਦਾ ਹੈ ਕਿ ਰੂਹ ਆਤਮਾ ਨੂੰ ਪਰਮਾਤਮਾ ਵੱਲ ਅਗਰਸਰ ਕਰਦੀ ਹੈ ਅਤੇ ਨਫ਼ਸ ਮਨੁੱਖ ਨੂੰ ਕੁਕਰਮ ਕਰਨ ਲਈ ਉਤੇਜਿਤ ਕਰਦਾ ਹੈ। ਇੱਕ ਸੂਫੀ ਦਾ ਮੁੱਖ ਉਦੇਸ਼ ਨਫ਼ਸ ਨੂੰ ਮਾਰਨਾ ਹੈ ਕਿਉਂਕਿ ਇਸ ਦੀ ਹੋਂਦ ਸੂਫ਼ੀ ਸਾਧਕ ਨੂੰ ਖ਼ੁਦਾ ਦੇ ਰਾਹ ਵਿੱਚ ਸਭ ਤੋਂ ਵੱਡੀ ਕਠਿਨਾਈ ਜਾਪਦੀ ਹੈ। ਸੂਫ਼ੀਆਂ ਨੇ ਇਸਨੂੰ ਚੂਹਾ, ਸੱਪ, ਕੁੱਤਾ, ਕਾਂ, ਲੂੰਬੜੀ ਆਦਿ ਅਨੇਕਾਂ ਨਾਵਾਂ ਨਾਲ ਪ੍ਰਗਟਾਇਆ ਹੈ। ਸ਼ਾਹ ਹੁਸੈਨ ਦੀ ਰਚਨਾ ਵਿੱਚ ਇਸ ਗੱਲ ਦਾ ਪ੍ਰਗਟਾਵਾ ਹੋਇਆ ਹੈ ਕਿ ਜੀਵ ਆਤਮਾ ਖ਼ੁਦੀ ਤੋਂ ਮੁਕਤ ਹੋ ਕੇ ਆਪਾ ਪਛਾਣਨ ਦੇ ਸਮਰੱਥ ਹੋ ਜਾਂਦੀ ਹੈ:

*ਆਪ ਨੂੰ ਪਛਾਣਿ ਬੰਦੇ।*
*ਜੇ ਤੂੰ ਆਪਣਾ ਆਪ ਪਛਾਤਾ,*
*ਸਾਂਈਂ ਦਾ ਮਿਲਣ ਅਸਾਨੁ ॥*
*...... ...... ......*
*ਕਹੈ ਹੁਸੈਨ ਫ਼ਕੀਰ ਨਿਮਾਣਾ,*
*ਛੱਡਿ ਦੇ ਖ਼ੁਦੀ ਤੇ ਗੁਮਾਨੁ ॥*[25]

ਜਦੋਂ ਇਨਸਾਨੀ ਰੂਹ ਸੰਸਾਰਿਕਤਾ ਤੋਂ ਮੁਕਤ ਹੋ ਜਾਂਦੀ ਹੈ ਤਾਂ ਉਸਦੀਆਂ ਸਾਰੀਆਂ ਗਤੀਵਿਧੀਆਂ ਉਸਦੀ ਰੂਹਾਨੀ ਜ਼ਿੰਦਗੀ ਨਾਲ ਜੁੜ ਜਾਂਦੀਆਂ ਹਨ। ਰੱਬੀ ਹੋਂਦ ਦਾ ਅਨੁਭਵ ਉਸ ਵਿੱਚ ਰੱਬੀ ਗੁਣਾਂ ਦੇ ਰੂਪ ਵਿੱਚ ਸੰਚਾਰਿਤ ਹੋ ਜਾਂਦਾ ਹੈ। ਸੂਫ਼ੀਮਤ ਵਿੱਚ ਅਜਿਹੀ ਅਵਸਥਾ ਨੂੰ ਫ਼ਨਾਹ ਦੀ ਸਥਿਤੀ ਮੰਨਿਆ ਗਿਆ ਹੈ। ਇੱਥੇ ਇਹ ਗੱਲ ਮਹੱਤਵਪੂਰਨ ਹੈ ਕਿ ਰੱਬੀ ਹੋਂਦ ਦਾ ਅਨੁਭਵ ਸਾਲਿਕ ਨੂੰ ਖ਼ੁਦਾ ਨਾਲ ਇਸ਼ਕੀਆਂ ਸੰਬੰਧ ਸਥਾਪਿਤ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੈ।

ਸੂਫ਼ੀ ਰਹੱਸਵਾਦੀ ਚਿੰਤਨ ਵਿੱਚ ਇਸ਼ਕ ਇੱਕ ਸਿਧਾਂਤਕ ਅਰਥ ਗ੍ਰਹਿਣ ਕਰਦਾ ਹੈ। ਸੂਫ਼ੀ ਜੀਵਨ ਵਿੱਚ ਇਸ਼ਕ ਦਾ ਪ੍ਰਵੇਸ਼ ਬਹੁਤ ਮਹੱਤਵਪੂਰਨ ਮੰਨਿਆ ਗਿਆ ਹੈ । ਸੂਫ਼ੀਮਤ ਵਿੱਚ ਇਸ ਸਿਧਾਂਤ ਦਾ ਪ੍ਰਚਲਨ ਕਰਨ ਵਾਲੀ ਬਸਰਾ ਦੀ ਪ੍ਰਸਿੱਧ ਸੂਫ਼ੀ ਚਿੰਤਕ ਰਾਬਿਆਂ ਨੂੰ ਮੰਨਿਆ ਗਿਆ ਹੈ। ਇਸਲਾਮ ਦੀ ਧਰਮ ਪੁਸਤਕ ਕੁਰਾਨ ਵਿੱਚ ਰੱਬੀ ਇਸ਼ਕ ਤੇ ਵਾਰ- ਵਾਰ ਜੋਰ ਦਿੱਤਾ ਗਿਆ ਹੈ। *ਰਾਬਿਆ ਦਾ ਕਥਨ ਹੈ* ਕਿ,

*ਰੱਬੀ ਪਿਆਰ ਆਪਣੇ ਸੁਭਾਅ ਕਰਕੇ ਦੁਨਿਆਵੀ ਪ੍ਰੇਮ ਨਾਲੋਂ ਵੱਖਰਾ ਹੈ।*[26]

ਡਾ. ਵਿਮਲ ਕੁਮਾਰ ਜੈਨ ਦਾ ਮੱਤ ਹੈ ਕਿ,

*ਸੂਫ਼ੀਮਤ ਦਾ ਸਾਰਾ ਭਵਨ ਪ੍ਰੇਮ ਉੱਤੇ ਅਧਾਰਿਤ ਹੈ।*[27]

ਅਬਦੁੱਲਾ-ਅਲ-ਕੁਰੈਸ਼ੀ ਦਾ ਵਿਚਾਰ ਹੈ ਕਿ,

*ਆਪਣਾ ਆਪ ਪਰਮਾਤਮਾ ਨੂੰ ਸਮਰਪਣ ਕਰ ਦੇਣਾ ਹੀ ਸੱਚਾ ਪ੍ਰੇਮ ਹੈ।*[28]

ਸੂਫ਼ੀ ਸਾਧਕਾਂ ਦਾ ਇਸ਼ਟ ਪ੍ਰੇਮ ਕਰਨ ਯੋਗ, ਪ੍ਰਾਪਤ ਕਰਨ ਯੋਗ, ਸਜੀਵ ਅਤੇ ਵਿਅਕਤਿਕ ਹੁੰਦਾ ਹੈ। ਸੂਫ਼ੀ ਸਾਧਕਾਂ ਦੇ ਇਸ਼ਕ ਦਾ ਸਰੂਪ ਸਰਗੁਣ ਅਤੇ ਨਿਰਗੁਣ ਦੋਹਾਂ ਤਰ੍ਹਾਂ ਦਾ ਹੁੰਦਾ ਹੈ। ਸੂਫ਼ੀ ਰੱਬ ਨਾਲ ਕੀਤੇ ਜਾਣ ਵਾਲੇ ਇਸ਼ਕ ਨੂੰ ਇਸ਼ਕ-ਏ-ਹਕੀਕੀ ਆਖਦੇ ਹਨ ਰੱਬ ਤੋਂ ਬਿਨ੍ਹਾਂ ਕਿਸੇ ਹੋਰ ਵਸਤੂ ਨਾਲ ਇਸ਼ਕ ਨੂੰ ਇਸ਼ਕ-ਏ-ਮਿਜਾਜ਼ੀ ਦਾ ਨਾਂ ਦਿੰਦੇ ਹਨ। ਸੂਫ਼ੀਮਤ 'ਚ ਇਸ਼ਕ ਮਿਜਾਜ਼ੀ ਸੰਸਾਰਿਕ ਵਾਸ਼ਨਾਵਾਂ ਦਾ ਪ੍ਰਤੀਕ ਨਹੀਂ ਹੈ ਸਗੋਂ ਰੱਬੀ ਇਲਾਹੀ ਮਸਤੀ ਦਾ ਚਿੰਨ੍ਹ ਹੈ। ਆਰ.ਕੇ. ਮੁਕਰਜੀ ਦਾ ਮੱਤ ਹੈ ਕਿ,

*ਸੂਫ਼ੀਆਂ ਵਾਸਤੇ ਇਸ਼ਕ ਮਜਾਜ਼ੀ ਰੱਬੀ ਨਿਸ਼ਾਨੇ ਉੱਤੇ ਪਹੁੰਚਣ ਵਾਸਤੇ ਇੱਕ ਪੁੱਲ ਦਾ ਕੰਮ ਕਰਦਾ ਹੈ।*[29]

ਸੂਫ਼ੀ ਇਸ ਵਿਚਾਰ ਨੂੰ ਮੰਨਦੇ ਹਨ ਕਿ ਖ਼ੁਦਾ ਦੀ ਰਹਿਮਤ ਤੋਂ ਬਿਨਾਂ ਸਾਧਕ ਦੇ ਹਿਰਦੇ ਵਿੱਚ ਇਸ਼ਕ ਭਾਵ ਨਹੀਂ ਜਾਗ ਸਕਦੇ। ਖ਼ੁਦਾ ਦੀ ਬਖਸ਼ਿਸ਼ ਨਾਲ ਸੂਫ਼ੀ ਸਾਧਕ ਆਪਣੀਆਂ ਦੁਨਿਆਵੀ ਸ਼ਕਤੀਆਂ ਰੱਬੀ ਇਸ਼ਕ ਲਈ ਸਮਰਪਣ ਕਰਦਾ ਹੈ। ਰੱਬੀ ਇਸ਼ਕ ਨੂੰ ਕਿਸੇ ਸੀਮਾਂ ਵਿੱਚ ਬੰਨ੍ਹਿਆ ਨਹੀਂ ਜਾ ਸਕਦਾ। ਸੂਫੀਆਂ ਦੀਆਂ ਜੀਵਨ ਮੁਦਰਾ ਦਾ ਆਧਾਰ ਹੀ ਇਸ਼ਕ ਹੈ। ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਪੰਜਾਬੀ ਸੂਫ਼ੀ ਕਾਵਿ ਦਾ ਬੁਨਿਆਦੀ ਸਿਧਾਂਤ ਇਸ਼ਕ ਹੀ ਹੈ *ਡਾ. ਹਰਿਭਜਨ ਸਿੰਘ ਸੂਫ਼ੀ ਸਾਹਿਤ ਨੂੰ ਸ਼ੁੱਧ- ਪਿਆਰ ਸਾਹਿਤ ਮੰਨਦਾ ਹੈ।* [30] ਫਰੀਦ ਬਾਣੀ ਵਿੱਚ ਇਸ਼ਕ ਮਿਜਾਜ਼ੀ ਦੀ ਥਾਂ ਇਸ਼ਕ ਹਕੀਕੀ ਨੂੰ ਸਥਾਨ ਮਿਲਿਆ ਹੈ:

*ਢੂੰਢੇਦੀਏ ਸੁਹਾਗ ਕੂ ਤਉ ਧਨ ਕਾਈ ਸੁਹਾਗਣਿ ਨਾਉ॥*
*ਜਿਨ੍ਹਾਂ ਨਾਉ ਸੁਹਾਗਣੀ ਤਿਨਾ ਝਾਕ ਨ ਹੋਰ ॥*[31]

ਇਸ਼ਕ ਦਾ ਮਾਰਗ ਕਠਿਨ ਮਾਰਗ ਹੈ। ਸੂਈ ਦੇ ਨੱਕੇ ਵਿੱਚੋਂ ਲੰਘਣ ਸਮਾਨ ਹੈ। ਇਸ ਸਥਿਤੀ ਦਾ ਅਨੁਭਵ ਉਸ ਵਿਅਕਤੀ ਨੂੰ ਹੀ ਹੋ ਸਕਦਾ ਹੈ ਜਿਸ ਨੂੰ ਇਸ ਦਾ ਗਿਆਨ ਹੁੰਦਾ ਹੈ ਬਾਬਾ ਸ਼ੇਖ ਫਰੀਦ ਦਾ ਕਥਨ ਹੈ:

*ਵਾਟ ਹਮਾਰੀ ਖਰੀ ਉਡੀਣੀ ॥*
*ਖੰਨਿਅਹੁ ਤਿਖੀ ਬਹੁਤੁ ਪਿਈਣੀ॥*
*ਉਸੁ ਊਪਰਿ ਹੈ ਮਾਰਗੁ ਮੇਰਾ॥*
*ਸੇਖ ਫਰੀਦਾ ਪੰਥੁ ਸਮਾਰਿ ਸਵੇਰਾ ॥*[32]

ਸੂਫ਼ੀਆਂ ਵਾਸਤੇ ਰੱਬੀ ਇਸ਼ਕ ਇਨਸਾਨੀ ਵਜੂਦ ਦਾ ਪ੍ਰਮੁੱਖ ਪਹਿਲੂ ਹੈ। ਇੱਕ ਸੂਫ਼ੀ ਸਾਧਕ ਨੂੰ ਅਧਿਆਤਮਕ ਵਿਕਾਸ ਦੇ ਪੰਜ ਪੜਾਵਾਂ ਸ਼ਰੀਅਤ (ਆਤਮ ਜਾਗ੍ਰਤੀ), ਤਰੀਕਤ (ਆਤਮ ਸ਼ੁੱਧੀ), ਮਾਰਫ਼ਤ (ਆਤਮ ਪ੍ਰਕਾਸ਼), ਹਕੀਕਤ (ਆਤਮਾ ਦੀ ਸੁੰਨ ਅਵਸਥਾ) ਅਤੇ ਫ਼ਨਾਹ ਜਾਂ ਬਕਾਅ (ਏਕਤਵ ਜੀਵਨ) ਦਾ ਸਫਰ ਤਹਿ ਕਰਨਾ ਪੈਂਦਾ ਹੈ। ਅਧਿਆਤਮਿਕ ਵਿਕਾਸ ਦੇ ਇਹਨਾਂ ਪੰਜ ਪੜਾਵਾਂ ਅਥਵਾ ਤਸੱਵੁਫ਼ ਦਾ ਆਧਾਰ ਇਸਲਾਮ ਧਰਮ ਦੇ ਪਵਿੱਤਰ ਗ੍ਰੰਥ ਕੁਰਾਨ ਅਤੇ ਹਦੀਸ ਨੂੰ ਮੰਨਿਆ ਜਾਂਦਾ ਹੈ। ਸ਼ਰੀਅਤ ਦੀ ਅਵਸਥਾ ਵਿੱਚ ਇੱਕ ਸੂਫ਼ੀ ਆਪਣੀਆਂ ਮਾੜੀਆਂ ਬਿਰਤੀਆਂ ਅਥਵਾ ਨਫ਼ਸ ਨੂੰ ਖਤਮ ਕਰਨ ਵੱਲ ਅਗਰਸਰ ਹੁੰਦਾ ਹੈ ਤੇ ਖ਼ੁਦਾ ਦੀ ਰਜ਼ਾ ਨੂੰ ਕਬੂਲ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਦਾ ਹੈ। ਦੂਜੀ ਅਵਸਥਾ ਭਾਵ ਤਰੀਕਤ ਦੇ ਪੜਾਉ ਵਿੱਚ ਆਪਣੇ ਕਰਮਾਂ ਦਾ ਤਿਆਗ ਕਰਦੇ ਹੋਏ ਪਵਿੱਤਰਤਾ ਸਾਹਿਤ ਖ਼ੁਦਾ ਦੇ ਨਾਮ ਦਾ ਸਿਮਰਨ ਕਰਦਾ ਹੈ। ਮਾਰਫ਼ਤ ਵਿੱਚ ਸੂਫ਼ੀ ਸਾਲਿਕ ਅੱਲ੍ਹਾ ਦਾ ਬਾਰ-ਬਾਰ ਚਿੰਤਨ ਕਰਦੇ ਹੋਏ ਸੱਚਾ ਅਧਿਆਤਮਕ ਗਿਆਨ ਪ੍ਰਾਪਤ ਕਰਦਾ ਹੈ। ਆਪੇ ਦੀ ਪਹਿਚਾਣ ਹੋਣ ਕਾਰਨ ਸੂਫ਼ੀ ਸਾਧਕ ਅੰਦਰ ਖ਼ੁਦਾ ਨਾਲ ਏਕਤਵ ਦੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। ਹਕੀਕਤ ਦੀ ਅਵਸਥਾ ਵਿੱਚ ਉਸਦਾ ਮਿਲਾਪ ਖ਼ੁਦਾ ਨਾਲ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਸੂਫ਼ੀ ਸਾਲਿਕ ਪਰਮ ਸੱਤ ਦੇ ਭੇਦ ਨੂੰ ਜਾਣ ਜਾਂਦਾ ਹੈ ਉਸ ਵਿੱਚ ਪੂਰੀ ਤਰ੍ਹਾਂ ਲੀਨ ਹੋ ਜਾਂਦਾ ਹੈ। ਇਹੀ ਪਰਮਾਤਮਾ ਨਾਲ ਏਕਤਤਵ ਦਾ ਅਨੁਭਵ ਹੈ। ਕੁਝ ਵਿਦਵਾਨਾਂ ਨੇ ਫ਼ਨਾਹ ਜਾਂ ਬਕਾਅ ਨੂੰ ਹਕੀਕਤ ਤੋਂ ਬਾਅਦ ਅੰਤਿਮ ਪੜਾਅ ਮੰਨਿਆ ਹੈ। ਇਸ ਪੜਾਅ ਤੇ ਪਹੁੰਚ ਕਿ ਜਗਿਆਸੂ ਨੂੰ ਰੱਬੀ ਹੋਂਦ, ਆਪਣੀ ਹੋਂਦ ਅਤੇ ਸ੍ਰਿਸ਼ਟੀ ਦਾ ਪੂਰਨ ਗਿਆਨ ਹੋ ਜਾਂਦਾ ਹੈ। ਆਤਮਾ ਸਦੀਵੀ ਕਾਲ ਵਾਸਤੇ ਪਰਮ ਆਨੰਦ ਦਾ ਰਸ ਮਾਨਣ ਲੱਗਦੀ ਹੈ। ਫ਼ਰਦ ਫ਼ਕੀਰ ਦੀ ਰਚਨਾ 'ਚ ਸੂਫ਼ੀ ਅਧਿਆਤਮਕ ਪੜਾਵਾਂ ਦੇ ਜਿਕਰ ਦੀ ਇੱਕ ਮਿਸਾਲ ਵੇਖੀ ਜਾ ਸਕਦੀ ਹੈ:

*ਅੱਵਲ ਕਸਬ ਵਿਚ ਸ਼ਰਾਅ ਦੇ, ਖੱਡੀ ਕਦਮ ਟਿਕਾਏ।*
*ਰਾਤ ਤਰੀਕ ਕਸਬ ਦਾ ਜਾਣੇ, ਤਾਂ ਹੱਥ ਹੱਥੇ ਪਾਏ।*
*ਚਸ਼ਮ ਹਕੀਕਤ ਦੇ ਵਲ ਰੱਖੇ, ਟੁਰੇ ਨਾਂ ਉਲਟੀ ਚਾਲੇ।*
*ਨਾਅ ਮਾਅਰਿਫ਼ਤ ਦਿਲ ਨੂੰ ਧੋ ਕੇ, ਹੋਵੇ ਜਾਨ ਸੁਖਾਲੇ।*[33]

ਸੂਫ਼ੀ ਸਾਧਕ ਇਹਨਾਂ ਅਧਿਆਤਮਿਕ ਵਿਕਾਸ ਪੜਾਵਾਂ ਨੂੰ ਪਾਰ ਕਰਦਾ ਹੋਇਆ ਖ਼ੁਦਾਈ ਤੱਤ ਨਾਲ ਇਕਸੁਰ ਹੁੰਦਾ ਹੈ। ਉਸਦਾ ਖ਼ੁਦਾ ਨਾਲ ਸੰਯੋਗ ਉਸ ਦੀ ਆਤਮਿਕ ਭੁੱਖ ਦੀ ਤ੍ਰਿਪਤੀ ਕਰਦਾ ਹੈ। ਇੱਕ ਸੂਫ਼ੀ ਇਸ ਮੁਕਾਮ ਤੱਕ ਪਹੁੰਚਣ ਲਈ ਕੱਟੜ ਆਤਮਿਕ ਸੰਘਰਸ਼ ਵਿੱਚੋਂ ਲੰਘ ਕੇ ਫ਼ਨਾਹ ਦੀ ਅਵਸਥਾ ਤੱਕ ਪਹੁੰਚਦਾ ਹੈ ਜਿਸ ਲਈ ਉਹ ਨਫ਼ਸ ,ਕਲਬ, ਸਿਰਰ ਅਤੇ ਰੂਹ ਦੀ ਸ਼ੁੱਧੀ ਉਪਰੰਤ ਸ਼ਰੀਅਤ, ਤਰੀਕਤ ਹਕੀਕਤ, ਮਾਰਫ਼ਤ ਦੇ ਪੜਾਵਾਂ ਚੋਂ ਗੁਜ਼ਰਦਾ ਹੋਇਆ ਆਪਣੇ ਅੰਤਿਮ ਤਤਵ ਪਰਮਸਤਿ ਵਿੱਚ ਲੀਨ ਹੋ ਜਾਂਦਾ ਹੈ। ਇਹ ਅਵਸਥਾ ਹੀ ਇੱਕ ਬ੍ਰਹਮ ਗਿਆਨੀ ਦੀ ਅਵਸਥਾ ਹੈ ਜਿੱਥੇ ਇੱਕ ਸੂਫ਼ੀ ਸਾਲਿਕ ਇਨਸਾਨ- ਉਲ-ਕਾਮਿਲ ਦੀ ਪਦਵੀ ਗ੍ਰਹਿਣ ਕਰਦਾ ਹੋਇਆ ਵਹਿਦਤ-ਉਲ -ਵਜੂਦ ਭਾਵ ਪਰਮਾਤਮਾ ਨਾਲ ਏਕਤਤਵ ਹਾਸਿਲ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸੁਰਿੰਦਰ ਸਿੰਘ ਕੋਹਲੀ ,(ਸੰਪਾ.)'ਪੰਜਾਬੀ ਸਾਹਿਤ ਦਾ ਇਤਿਹਾਸ', ਨੈਸ਼ਨਲ ਬੁੱਕ ਸ਼ਾਪ, ਪੰਨਾ: 11
2. Encyclopaedia of religion and ethics ,volume12, a edited by James Hastings Johan A. p10
3. ਆਦਿ ਗ੍ਰੰਥ ਸਾਹਿਬ' ਪੰਨਾ: 1381
4. ਸਈਅਦ ਅਲੀ ਆਬਾਸ ਜਲਾਲਪੁਰੀ , 'ਸੂਫੀ ਕਾਵਿ ਤੇ ਉਸ ਦਾ ਪਿਛੋਕੜ' "ਵਹਿਦਤ ਉਲ ਵਜੂਦ ਤੇ ਪੰਜਾਬੀ ਸ਼ਾਇਰੀ" ਡਾ. ਜਗਤਾਰ (ਸੰਪਾ.), ਦੀਪਕ ਪਬਲਿਸ਼ਰਜ ਜਲੰਧਰ।
5. ਖੋਜ ਦਰਪਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜੁਲਾਈ 1988 ਪੰਨਾ: 6
6. ਭਗਤ ਸਿੰਘ ਬੇਦੀ, 'ਮਧਕਲੀਨ ਭਗਤੀ ਕਾਵਿ ਦੀ ਭੂਮਿਕਾ' ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ: 11
7. ਪਰਮਿੰਦਰ ਸਿੰਘ(ਡਾ.),'ਪੰਜਾਬੀ ਸਾਹਿਤ ਦਾ ਇਤਿਹਾਸ', ਭਾਸ਼ਾ ਵਿਭਾਗ,ਭਾਗ ਪਹਿਲਾ,1971 ਪੰਨਾ: 13
8. ਗੁਰੂ ਗ੍ਰੰਥ ਵਿਸ਼ਵਕੋਸ਼ ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ: 221
9. ਖੋਜ ਦਰਪਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਜੁਲਾਈ 1988, ਪੰਨਾ: 57
10. ਆਦਿ ਗ੍ਰੰਥ ਸਾਹਿਬ, ਪੰਨਾ: 798
11. ਰਾਮ ਪੂਜਨ ਤਿਵਾੜੀ, 'ਸੂਫੀਮਤ ਸਾਧਨਾ ਅਤੇ ਸਾਹਿਤਯ ' ਗਿਆਨ ਮੰਡਲ ਪ੍ਰਕਾਸ਼ਨ ਬਨਾਰਸ, 1956, ਪੰਨਾ: 256
12. ਆਦਿ ਗ੍ਰੰਥ ਸਾਹਿਬ , ਪੰਨਾ: 611
13. ਹਰਜਿੰਦਰ ਸਿੰਘ ਢਿੱਲੋ, 'ਸੂਫੀ ਕਵੀ ਸ਼ਾਹ ਹੁਸੈਨ' ਵਾਰਿਸ ਸ਼ਾਹ ਫਾਉਂਡੇਸ਼ਨ, 2012, ਪੰਨਾ: 54
14. ਰਮਿੰਦਰ ਕੌਰ (ਡਾ.) ਮੇਘਾ ਸਲਵਾਨ (ਡਾ.),ਸੰਪ. 'ਸ਼੍ਰੋਮਣੀ ਪੰਜਾਬੀ ਕਾਵਿ ਭਾਗ II' "ਸ਼ਾਹ ਹੁਸੈਨ", ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2022 ਪੰਨਾ: 7
15. ਹਰਜਿੰਦਰ ਸਿੰਘ ਢਿੱਲੋ 'ਸੂਫੀ ਕਵੀ ਸ਼ਾਹ ਹੁਸੈਨ' ਵਾਰਿਸ ਸ਼ਾਹ ਫਾਉਂਡੇਸ਼ਨ, 2012, ਪੰਨਾ: 61
16. ਆਦਿ ਗ੍ਰੰਥ ਸਾਹਿਬ, ਪੰਨਾ: 488
17. ਰਮਿੰਦਰ ਕੌਰ (ਡਾ.) ਮੇਘਾ ਸਲਵਾਨ (ਡਾ.),ਸੰਪ. 'ਸ਼੍ਰੋਮਣੀ ਪੰਜਾਬੀ ਕਾਵਿ ਭਾਗII' "ਸੁਲਤਾਨ ਬਾਹੂ" ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2022 ਪੰਨਾ: 13
18. ਸਾਧੂ ਰਾਮ ਸ਼ਾਰਦਾ (ਡਾ.) 'ਸੂਫੀ ਮਤ ਅਤੇ ਪੰਜਾਬੀ ਸੂਫੀ ਸਾਹਿਤ', ਭਾਸ਼ਾ ਵਿਭਾਗ ਪਟਿਆਲਾ, 1973. ਪੰਨੇ 50-51 ਤੇ ਉਧਰਿਤ
19. ਰਤਨ ਸਿੰਘ ਜੱਗੀ(ਡਾ.) ,ਗੁਰੂ ਗ੍ਰੰਥ ਵਿਸ਼ਵਕੋਸ਼ ਭਾਗ ਪਹਿਲਾ , ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ: 222
20. ਗੁਰਦੇਵ ਸਿੰਘ (ਡਾ.) 'ਪੰਜਾਬੀ ਸੂਫ਼ੀ - ਸਾਹਿਤ ਸੰਦਰਭ ਗ੍ਰੰਥ', ਪੰਜਾਬੀ ਯੂਨੀਵਰਸਿਟੀ ਪਟਿਆਲਾ 2009, ਪੰਨਾ: ੩19
21. ਰਮਿੰਦਰ ਕੌਰ (ਡਾ.) ਮੇਘਾ ਸਲਵਾਨ (ਡਾ.),ਸੰਪ. 'ਸ਼੍ਰੋਮਣੀ ਪੰਜਾਬੀ ਕਾਵਿ' ਭਾਗ ਦੂਜਾ , ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ ,2022 ਅੰਮ੍ਰਿਤਸਰ, ਪੰਨਾ: 7
22. ਹਰਜਿੰਦਰ ਸਿੰਘ ਢਿੱਲੋਂ , 'ਸੂਫੀ ਕਵੀ ਸ਼ਾਹ ਹੁਸੈਨ' ਵਾਰਿਸ ਸ਼ਾਹ ਫਾਉਂਡੇਸ਼ਨ, 2012, ਪੰਨਾ: 77
23. ਧਰਮ ਸਿੰਘ ਅਤੇ ਹਿਰਦੇਜੀਤ ਸਿੰਘ ਭੋਗਲ, 'ਪੰਜਾਬੀ ਸਾਹਿਤ ਦਾ ਇਤਿਹਾਸ (1700 ਈ.ਤਕ)' "ਪੰਜਾਬੀ ਸੂਫੀ ਕਾਵਿ" ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ ਅੰਮ੍ਰਿਤਸਰ, ਪੰਨਾ: 76
24. Reynold A. nickelson,'The mythics of Islam', G. bell and sons, London P: 39
25. ਰਮਿੰਦਰ ਕੌਰ (ਡਾ.) ਮੇਘਾ ਸਲਵਾਨ (ਡਾ.),ਸੰਪ.' ਸ਼੍ਰੋਮਣੀ ਪੰਜਾਬੀ ਕਾਵਿ' ਭਾਗ ਦੂਜਾ , ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ ਅੰਮ੍ਰਿਤਸਰ,2022 ਪੰਨਾ: 9
26. ਰਤਨ ਸਿੰਘ ਜੱਗੀ (ਡਾ.), "ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਰਹੱਸਵਾਦੀ ਪ੍ਰਕਿਰਤੀ" ,ਖੋਜ ਪੱਤ੍ਰਿਕਾ , ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਤੰਬਰ 1972 ਪੰਨਾ: 95
27. ਵਿਮਲ ਕੁਮਾਰ ਜੈਨ, 'ਸੂਫੀਮਤ ਔਰ ਹਿੰਦੀ ਸਾਹਿਤਯ', ਆਤਮ ਰਾਮ ਐਂਡ ਸਨ ਦਿੱਲੀ ਗੁਰਦੁਆਰਾ, 1995, ਪੰਨਾ: 63
28. ਰਾਮ ਪੂਜਨ ਤਿਵਾੜੀ, 'ਸੂਫੀਮਤ ਸਾਧਨਾ ਅਤੇ ਸਾਹਿਤਯ ' ਗਿਆਨ ਮੰਡਲ ਪ੍ਰਕਾਸ਼ਨ ਬਨਾਰਸ, 1956, ਪੰਨਾ: 311

29. ਰਤਨ ਸਿੰਘ ਜੱਗੀ (ਡਾ.) ਭਾਈ ਵੀਰ ਸਿੰਘ ਜੀ ਕਵਿਤਾ ਵਿੱਚ ਰਹੱਸਵਾਦੀ ਪ੍ਰਕਿਰਤੀ ,'ਖੋਜ ਪੱਤ੍ਰਿਕਾ' ,ਅੰਕ ਸਤੰਬਰ 1972 ਪੰਨਾ: 95
30. Mukherjee Radhakamal,'The theory and art of mysticism', Asia publishing house,1960,P.129
31. ਗੁਲਵੰਤ ਸਿੰਘ ,(ਡਾ. )ਇਸਲਾਮ ਤੇ ਸੂਫੀਵਾਦ , ਪੰਜਾਬੀ ਯੂਨੀਵਰਸਿਟੀ ਪਟਿਆਲਾ,1984 ਪੰਨਾ: 98
32. ਆਦਿ ਗ੍ਰੰਥ ਸਾਹਿਬ, ਪੰਨਾ: 1358.
33. ਰਮਿੰਦਰ ਕੌਰ (ਡਾ.) ਮੇਘਾ ਸਲਵਾਨ (ਡਾ.),ਸੰਪ. 'ਸ਼੍ਰੋਮਣੀ ਪੰਜਾਬੀ ਕਾਵਿ ਭਾਗ ਦੂਜਾ 'ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2022, ਪੰਨਾ: 7


***Cite this Article-***


ਡਾ. ਇੰਦਰਜੀਤ ਕੌਰ (Dr. Inderjit Kaur), ਸੂਫੀਮਤ: ਸਿਧਾਂਤਕ ਪਰਿਪੇਖ (SUFIMAT: SADANTAK PARIPEKH), ਅਰਮਾਨ (ARMAAN), *ISSN: 2583-9446, Volume 3, Issue 2, April-June 2025, Page: 82-90.*

***Journal URL:* [www.armaan.org.in](www.armaan.org.in)**

***DOI: https://doi.org/10.64119/armaan.vol.3.issue2.15***



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*